ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮੰਗਲਵਾਰ, ਮਿਤੀ 25 ਜਨਵਰੀ, 2011 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ

2. ਡਾ. ਸੁਰਿੰਦਰ ਸਿੰਘ
   ਡੀਨ, ਅਕਾਦਮਿਕ ਮਾਮਲੇ

3. ਡਾ. ਰਜਿੰਦਰਜੀਤ ਕੌਰ,
   ਡੀਨ, ਲਾਅ ਫੈਕਲਟੀ

4. ਡਾ. ਸੁਖਦੇਵ ਸਿੰਘ,
   ਡੀਨ, ਲਾਈਫ ਸਾਇੰਸਜ਼ ਫੈਕਲਟੀ

5. ਡਾ. ਪਰਮਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਅੰਗਰੇਜੀ ਵਿਭਾਗ

6. ਡਾ. ਤੇਜਿੰਦਰ ਕੌਰ ਮਾਨ,
   ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ

7. ਸ੍ਰੀਮਤੀ ਕਰਮਜੀਤ ਚੌਧਰੀ,
   ਪ੍ਰਿੰਸੀਪਲ, ਗੋਰਮਿੰਟ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ

8. ਮਿਸਿਜ਼ ਨਿਰਮਲ ਪਾਂਧੀ,
   ਪ੍ਰਿੰਸੀਪਲ, ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾ-ਨਗਰ

9. ਸ੍ਰੀਮਤੀ ਰਘਬੀਰ ਕੌਰ,
   ਪ੍ਰਿੰਸੀਪਲ, ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਕਾਲਜ ਫਾਰ ਵੂਮੈਨ, ਰਈਆ

10. ਡਾ. ਐਸ.ਐਸ. ਜੌਹਲ, ਲੁਧਿਆਣਾ

11. ਪ੍ਰੋ. ਵਿਰਸਾ ਸਿੰਘ ਵਲਟੋਹਾ, ਐਮ.ਐਲ.ਏ.

12. ਡਾ. ਦਿਨੇਸ਼ ਸ਼ਰਮਾ,
    ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ

13. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਵਰਤਮਾਨ ਸਿੰਡੀਕੇਟ ਦੇ ਮੈਂਬਰ, ਜਿਨ੍ਹਾਂ ਦੀ ਮਿਆਦ ਖਤਮ ਹੋ ਚੁੱਕੀ ਹੈ, ਵੱਲੋਂ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਮਿਸਿਜ਼ ਨਿਰਮਲ ਪਾਂਧੀ ਅਤੇ ਸ੍ਰੀਮਤੀ ਰਘਬੀਰ ਕੌਰ ਦੀ ਸਿੰਡੀਕੇਟ ਦੇ ਮੈਂਬਰ ਵਜੋਂ ਨਵੀਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਪਹਿਲੀ ਵਾਰ ਸ਼ਾਮਲ

ਹੋਏ ਮਿਸਿਜ਼ ਨਿਰਮਲ ਪਾਂਧੀ ਅਤੇ ਸ੍ਰੀਮਤੀ ਰਘਬੀਰ ਕੌਰ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਨ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 3.11.2010 ਦੀ ਕਾਰਵਾਈ ਦੇ ਪੈਰਾ 52 ਵਿਚ ਵਾਧੇ ਸਹਿਤ ਪੁਸ਼ਟੀ।

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਮਿਤੀ 3.11.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਪੈਰਾ 52 ਵਿਚ ਹੇਠ ਲਿਖੇ ਵਾਧੇ ਸਹਿਤ ਕੀਤੀ ਜਾਂਦੀ ਹੈ:-

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| **ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਲਾਅ ਕਾਲਜਾਂ ਵਿਚ ਰਿਟਾਇਰਡ ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ ਦੀ ਪ੍ਰਿੰਸੀਪਲ ਵਜੋਂ ਕੰਟ੍ਰੈਕਟ ਅਧਾਰ ਤੇ ਨਿਯੁਕਤੀ/ ਪੁਨਰ-ਨਿਯੁਕਤੀ 65 ਸਾਲ ਦੀ ਉਮਰ ਤੱਕ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂਜੋ ਯੋਗ ਪ੍ਰਿੰਸੀਪਲਾਂ ਦੀ ਘਾਟ ਕਾਰਨ ਇਨ੍ਹਾਂ ਕਾਲਜਾਂ ਲਈ ਅਜੇ ਤੱਕ ਰੈਗੂਲਰ ਪ੍ਰਿੰਸੀਪਲ ਨਿਯੁਕਤ ਨਹੀਂ ਹੋਏ। | **ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਲਾਅ ਕਾਲਜਾਂ ਵਿਚ ਰਿਟਾਇਰਡ ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ ਦੀ ਪ੍ਰਿੰਸੀਪਲ ਵਜੋਂ ਕੰਟ੍ਰੈਕਟ ਅਧਾਰ ਤੇ ਨਿਯੁਕਤੀ/ ਪੁਨਰ-ਨਿਯੁਕਤੀ 65 ਸਾਲ ਦੀ ਉਮਰ ਤੱਕ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂਜੋ ਯੋਗ ਪ੍ਰਿੰਸੀਪਲਾਂ ਦੀ ਘਾਟ ਕਾਰਣ ਇਨ੍ਹਾਂ ਕਾਲਜਾਂ ਲਈ ਅਜੇ ਤੱਕ ਰੈਗੂਲਰ ਪ੍ਰਿੰਸੀਪਲ ਨਿਯੁਕਤ ਨਹੀਂ ਹੋਏ। ਇਹ ਨਿਰਣਾ ਮਿਤੀ 3.11.2010 ਤੋਂ ਲਾਗੂ ਹੋਵੇਗਾ। |

ਸਿੰਡੀਕੇਟ ਦੀ ਇਕੱਤਰਤਾ ਮਿਤੀ 3.11.2010 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 3.11.2010 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

ਵਿੱਤ ਕਮੇਟੀ ਦੀਆਂ ਮਿਤੀ 25.11.2010 ਦੀਆਂ ਸਿਫਾਰਸ਼ਾਂ ਦੀ ਸੋਧ ਸਹਿਤ ਪਰਵਾਨਗੀ।

3. ਵਿੱਤ ਕਮੇਟੀ ਦੀਆਂ ਮਿਤੀ 25.11.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਵਿੱਤ ਕਮੇਟੀ ਦੀਆਂ ਮਿਤੀ 25.11.2010 ਦੀਆਂ ਸਿਫਾਰਸ਼ਾਂ ਇਸ ਸੋਧ ਸਹਿਤ ਪਰਵਾਨ ਕੀਤੀਆਂ ਜਾਂਦੀਆਂ ਹਨ ਕਿ ਮੱਦ ਨੰ: 11 ਅਧੀਨ ਯੂਨੀਵਰਸਿਟੀ ਦੇ 'ਬੀ' ਅਤੇ 'ਸੀ' ਕਲਾਸ ਕਰਮਚਾਰੀਆਂ ਨੂੰ ਦਿੱਤੇ ਜਾਣ ਵਾਲਾ Festival Loan ਅੱਗੇ ਤੋਂ ਪੰਜਾਬ ਸਰਕਾਰ ਦੁਆਰਾ ਘੋਸ਼ਿਤ ਨਿਰਣੇ ਦੇ ਅਧਾਰ ਤੇ ਦਿੱਤਾ ਜਾਵੇਗਾ।

ਡਾ.(ਮਿਸਿਜ਼) ਅਵਿਨਾਸ਼ ਨਾਗਪਾਲ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ.(ਮਿਸਿਜ਼) ਅਵਿਨਾਸ਼ ਨਾਗਪਾਲ, ਪ੍ਰੋਫੈਸਰ, ਬੋਟੈਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਨੂੰ ਬੈਂਗਕਾਕ, ਥਾਈਲੈਂਡ ਵਿਖੇ ਮਿਤੀ 15-18 ਦਸੰਬਰ, 2010 ਨੂੰ ਹੋ ਰਹੀ 'International Conference on 2nd Asian Conference on Environmental Mutagens Harmonize Gene & Environment Asian Health Promotion' ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕੀਤੀ ਹੈ।

ਡਾ. ਰਜਿੰਦਰ ਕੁਮਾਰ, ਰੀਡਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਰਜਿੰਦਰ ਕੁਮਾਰ, ਰੀਡਰ, ਕਾਨੂੰਨ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਮਿਤੀ 1.7.2010 ਤੋਂ 30.6.2011 ਤੱਕ ਇਕ ਸਾਲ ਲਈ ਮੁਖੀ ਵਿਭਾਗ ਵਜੋਂ ਨਿਯੁਕਤ ਕੀਤਾ ਹੈ।

ਡਾ. ਕੰਵਲਜੀਤ ਗਰੋਵਰ, ਪ੍ਰੋਫੈਸਰ(ਰਿਟਾ.) ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਕੰਵਲਜੀਤ ਗਰੋਵਰ, ਪ੍ਰੋਫੈਸਰ(ਰਿਟਾ.) ਪੰਜਾਬੀ ਅਧਿਐਨ ਸਕੂਲ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 1.1.2011 ਤੋਂ ਅਗਲੇ ਆਦੇਸ਼ਾਂ ਤੱਕ ਪ੍ਰੰਤੂ ਵੱਧ ਤੋਂ ਵੱਧ ਇਕ ਸਾਲ ਤੱਕ ਵਾਧਾ ਕੀਤਾ ਹੈ।

ਡਾ. ਜਸਵਿੰਦਰ ਕੌਰ ਢਿੱਲੋਂ, ਚੇਅਰਪਰਸਨ, ਗੁਰੂ ਰਵੀਦਾਸ ਚੇਅਰ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਜਸਵਿੰਦਰ ਕੌਰ ਢਿੱਲੋਂ, ਪ੍ਰੋਫੈਸਰ(ਰਿਟਾ.), ਚੇਅਰਪਰਸਨ, ਗੁਰੂ ਰਵੀਦਾਸ ਚੇਅਰ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਮਿਤੀ 1.1.2011 ਤੋਂ 31.12.2011 ਤੱਕ ਇਕ ਸਾਲ ਲਈ ਵਾਧਾ ਕੀਤਾ ਹੈ।

ਸ੍ਰੀ ਹਰਪ੍ਰਭਜੋਤ ਸਿੰਘ ਦੀ ਅਸਿਸਟੈਂਟ ਡਾਇਰੈਕਟਰ, ਫਿਜ਼ੀਕਲ ਐਜੂਕੇਸ਼ਨ ਵਜੋਂ ਕੰਟ੍ਰੈਕਟ ਨਿਯੁਕਤੀ/ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਹਰਪ੍ਰਭਜੋਤ ਸਿੰਘ ਨੂੰ ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਹਾਜਰ ਹੋਣ ਦੀ ਮਿਤੀ ਤੋਂ 80 ਦਿਨਾਂ ਲਈ 14000/- ਰੁਪਏ ਮਾਸਿਕ ਬਿਲ-ਮੁਕਤਾ ਤਨਖਾਹ ਉਤੇ ਕੰਟ੍ਰੈਕਟ ਅਧਾਰ ਤੇ ਅਸਿਸਟੈਂਟ ਡਾਇਰੈਕਟਰ, ਫਿਜ਼ੀਕਲ ਐਜੂਕੇਸ਼ਨ ਵਜੋਂ ਨਿਯੁਕਤ ਕੀਤਾ ਹੈ।

(ਅ) ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਹਰਪ੍ਰਭਜੋਤ ਸਿੰਘ, ਅਸਿਸਟੈਂਟ ਡਾਇਰੈਕਟਰ, ਫਿਜ਼ੀਕਲ ਐਜੂਕੇਸ਼ਨ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 27.1.2011 ਦੀ ਇਕ ਦਿਨ ਦੀ ਬ੍ਰੇਕ ਦੇ ਕੇ ਮਿਤੀ 28.1.2011 ਤੋਂ 6 ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

**ਸਬੰਧਤ ਅਧਿਆਪਕਾਂ ਨੂੰ ਸੇਵਾ-ਮੁਕਤੀ ਤੋਂ ਪਹਿਲਾਂ ਵਾਲੀ ਅਸਾਮੀ ਤੇ Continue ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ।**

9. ਅਧਿਆਪਕਾਂ ਦੀ ਸੇਵਾ-ਮੁਕਤੀ ਦੀ ਹੱਦ ਵਿਚ 60 ਸਾਲ ਤੋਂ 65 ਸਾਲ ਤੱਕ ਵਾਧਾ ਕਰਨ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ Writ Petition No. CWP No. 9665 of 2010 ਸਬੰਧੀ ਜਾਰੀ ਅੰਤ੍ਰਿਮ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਦੀ ਸੇਵਾ-ਮੁਕਤੀ ਤੋਂ ਪਹਿਲਾਂ ਵਾਲੀ ਅਸਾਮੀ ਤੇ Continuity ਜਾਰੀ ਰੱਖੀ ਹੈ। ਫਿਲਹਾਲ ਇਨਾਂ ਅਧਿਆਪਕਾਂ ਨੂੰ ਕੋਈ ਅਦਾਇਗੀ (ਤਨਖਾਹ ਅਤੇ ਪੈਨਸ਼ਨ) ਨਹੀਂ ਕੀਤੀ ਜਾਵੇਗੀ:-

1. ਡਾ. ਪ੍ਰੇਮ ਸਾਗਰ ਸ਼ਰਮਾ, ਪ੍ਰੋਫੈਸਰ, ਵਿਦੇਸ਼ੀ ਭਾਸ਼ਾਵਾਂ ਵਿਭਾਗ
2. ਡਾ. ਧਰਮ ਸਿੰਘ, ਪ੍ਰੋਫੈਸਰ, ਸਕੂਲ ਆਫ ਪੰਜਾਬੀ ਸੱਟਡੀਜ਼
3. ਡਾ. ਭਗਵੰਤ ਕੌਰ, ਪ੍ਰੋਫੈਸਰ, ਸੰਗੀਤ ਵਿਭਾਗ
4. ਡਾ. ਐਚ.ਐਸ. ਬੇਦੀ, ਪ੍ਰੋਫੈਸਰ, ਹਿੰਦੀ ਵਿਭਾਗ
5. ਡਾ. ਐਸ.ਐਸ. ਬਿੰਦਰਾ, ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**ਨੋਟ**:- 1. ਡਾ. ਐਚ.ਐਸ. ਸੰਧੂ, ਪ੍ਰੋਫੈਸਰ, ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ, ਸੇਵਾ-ਮੁਕਤੀ ਉਪਰੰਤ ਆਪਣੀ ਮੁੜ ਨਿਯੁਕਤੀ ਤੋਂ ਅਸਤੀਫਾ ਦੇ ਕੇ ਜਾ ਚੁੱਕੇ ਹਨ ਅਤੇ ਡਾ. ਹਰਬੰਸ ਸਿੰਘ ਸਿੱਧੂ, ਸਾਬਕਾ ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਵੱਲੋਂ ਆਪਣੀ ਸੇਵਾ ਮੁਕਤੀ ਅਤੇ ਕੋਰਟ ਵਲੋਂ ਫੈਸਲਾ ਦਿੱਤੇ ਜਾਣ ਉਪਰੰਤ ਦਫਤਰ ਨਾਲ ਕੋਈ ਸੰਪਰਕ ਨਹੀਂ ਕੀਤਾ ਗਿਆ। ਇਸ ਲਈ ਦੋਹਾਂ ਅਧਿਆਪਕਾਂ ਵਲੋਂ ਦਫਤਰ ਨਾਲ ਸੰਪਰਕ ਕਰਨ ਤੇ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

2. ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਰਜ Writ Petition No. CWP No. 9665 of 2010 ਵਿਚ ਜਿਨ੍ਹਾਂ ਅਧਿਆਪਕਾਂ ਨੇ ਰਿਟਾਇਰਮੈਂਟ ਦੀ ਉਮਰ ਦੀ ਹੱਦ ਵਿਚ ਵਾਧਾ ਕਰਨ ਲਈ ਰਿਟਾਇਮੈਂਟ ਦੀ ਮਿਤੀ ਤੋਂ ਪਹਿਲਾਂ ਕੋਰਟ ਵਿਚ ਰਿੱਟ ਪਟੀਸ਼ਨ ਦਰਜ ਕੀਤੀ ਹੈ, ਸੰਬਧੀ ਕੋਰਟ ਵੱਲੋਂ continue ਕਰਨ ਦੇ ਆਦੇਸ਼ ਦਿੱਤੇ ਹਨ, ਜਿਸ ਦਾ ਮੂਲ ਹੇਠ ਲਿਖੇ ਅਨੁਸਾਰ ਹੈ:-

"Those petitioners who came to this Court before their existing dates of retirement shall be allowed to continue (though may be posted any where in administrative exigencies) subject to the condition that they shall not be paid any salary beyond such dates of retirement".

**ਪਾਸ ਹੋਇਆ** ਕਿ ਅਧਿਆਪਕਾਂ ਦੀ ਸੇਵਾ-ਮੁਕਤੀ ਦੀ ਹੱਦ ਵਿਚ 60 ਸਾਲ ਤੋਂ 65 ਸਾਲ ਤੱਕ ਵਾਧਾ ਕਰਨ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ Writ Petition No. CWP No. 9665 of 2010 ਸਬੰਧੀ ਜਾਰੀ ਅੰਤ੍ਰਿਮ ਆਦੇਸ਼ਾਂ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ

ਜਿਸ ਰਾਹੀਂ ਉਨ੍ਹਾਂ ਨੇ ਉਕਤ ਕ੍ਰਮ ਨੰ: 1 ਤੋਂ 5 ਤੱਕ ਅਧਿਆਪਕਾਂ ਦੀ ਸੇਵਾ-ਮੁਕਤੀ

ਤੋਂ ਪਹਿਲਾਂ ਵਾਲੀ ਅਸਾਮੀ ਤੇ Continuity ਜਾਰੀ ਰੱਖੀ ਹੈ। ਫਿਲਹਾਲ ਇਨਾਂ ਅਧਿਆਪਕਾਂ ਨੂੰ ਕੋਈ ਅਦਾਇਗੀ (ਤਨਖਾਹ ਅਤੇ ਪੈਨਸ਼ਨ) ਨਹੀਂ ਕੀਤੀ ਜਾਵੇਗੀ।

**ਡਾ. ਗੁਰਜੰਟ ਸਿੰਘ ਦੀ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਨਿਯੁਕਤੀ ਦੀ ਪੁਸ਼ਟੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਆਤਮਜੀਤ ਸਿੰਘ, ਪ੍ਰਿੰਸੀਪਲ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦੀ ਮਿਤੀ 30.11.2010 ਨੂੰ ਸੇਵਾ-ਮੁਕਤੀ ਉਪਰੰਤ ਉਨ੍ਹਾਂ ਦੀ ਥਾਂ ਤੇ ਡਾ. ਗੁਰਜੰਟ ਸਿੰਘ, ਸੀਨੀਅਰ ਮੋਸਟ ਲੈਕਚਰਾਰ, ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਨੂੰ ਉਕਤ ਕਾਲਜ ਵਿਖੇ ਪ੍ਰਿੰਸੀਪਲ ਦੀ ਅਸਾਮੀ ਭਰੇ ਜਾਣ ਤੱਕ, ਕਾਰਜਕਾਰੀ ਪ੍ਰਿੰਸੀਪਲ ਵਜੋਂ ਨਿਯੁਕਤ ਕੀਤਾ ਹੈ।

**ਸ੍ਰੀ ਹਰੇਸ਼ ਕੁਮਾਰ ਦੀ ਆਰਚਰੀ ਕੋਚ ਵਜੋਂ ਨਿਯੁਕਤੀ ਦੀ ਪੁਸ਼ਟੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਹਰੇਸ਼ ਕੁਮਾਰ ਨੂੰ 14000/- ਰੁਪਏ ਪ੍ਰਤੀ ਮਹੀਨਾ ਬਿਲਮੁਕਤਾ ਤਨਖਾਹ ਉੱਤੇ ਡਿਊਟੀ ਤੇ ਹਾਜਰ ਹੋਣ ਦੀ ਮਿਤੀ ਤੋਂ 28.2.2011 ਤੱਕ ਕੰਟ੍ਰੈਕਟ ਅਧਾਰ ਤੇ ਆਰਚਰੀ ਕੋਚ ਵਜੋਂ ਨਿਯੁਕਤ ਕੀਤਾ ਹੈ।

**ਸਬੰਧਤ ਵਿਅਕਤੀਆਂ ਦੀ ਨਿਯੁਕਤੀ/ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਰਿਤੂ ਰਾਜ ਕਪੂਰ, ਜਿਮਨਾਸਟਿਕ ਕੋਚ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.1.2011 ਤੋਂ 30.6.2011 ਤੱਕ, ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

(ਅ) ਮਿਸਿਜ਼ ਦਿਵਜੋਤ ਕੌਰ, ਲੈਕਚਰਾਰ ਇਨ ਜੌਗਰਫੀ, ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜਾਮੀਨੇਸ਼ਨਜ਼ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 8.1.2011 ਤੋਂ 9.1.2011 ਦੀ ਬ੍ਰੇਕ ਦਿੰਦੇ ਹੋਏ ਮਿਤੀ 10.1.2011 ਤੋਂ 30.4.2011 ਤੱਕ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

(ੲ) ਸ੍ਰੀ ਚੰਦਾ ਸਿੰਘ, ਆਫੀਸਰ ਆਨ ਸਪੈਸ਼ਲ ਡਿਊਟੀ, ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.1.2011 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

(ਸ) ਸ. ਗੁਰਬਚਨ ਸਿੰਘ ਘਈ, ਸਹਾਇਕ ਰਜਿਸਟਰਾਰ(ਰਿਟਾ.) ਨੂੰ ਮਿਤੀ 3.1.2011 ਤੋਂ ਇਕ ਸਾਲ ਲਈ 10,000/- ਰੁਪਏ ਪ੍ਰਤੀ ਮਹੀਨਾ ਬੱਝਵੇਂ ਮਾਣ-ਭੱਤੇ ਤੇ ਕੰਟਰੈਕਟ ਅਧਾਰ 'ਤੇ ਲੀਗਲ ਐਡਵਾਈਜ਼ਰ-ਕਮ-ਨੋਡਲ ਅਫਸਰ ਵਜੋਂ ਨਿਯੁਕਤ ਕੀਤਾ ਹੈ।

(ਹ) ਸ. ਮੇਹਰ ਸਿੰਘ, ਸਹਾਇਕ ਰਜਿਸਟਰਾਰ ਨੂੰ ਮਿਤੀ 31.12.2010 ਨੂੰ ਸੇਵਾ-ਮੁਕਤ ਹੋਣ ਉਪਰੰਤ 'ਕੰਟ੍ਰੈਕਚੂਅਲ ਨਿਯੁਕਤੀਆਂ' ਦੇ ਬੱਜਟ ਹੈਡ ਅਧੀਨ ਕੰਟਰੈਕਟ ਅਧਾਰ ਤੇ ਹਾਜਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਓ.ਐਸ.ਡੀ. ਵਜੋਂ ਨਿਯੁਕਤ ਕੀਤਾ ਹੈ।ਉਨ੍ਹਾਂ ਦੀ ਤਨਖਾਹ ਅਤੇ ਸੇਵਾ ਸ਼ਰਤਾਂ ਸੇਵਾ-ਮੁਕਤ ਹੋਣ ਵਾਲੇ ਕਰਮਚਾਰੀਆਂ ਦੀ ਤਰ੍ਹਾਂ ਨਿਯਮਾਂ ਅਨੁਸਾਰ ਨਿਰਧਾਰਤ ਕੀਤੀਆਂ ਜਾਣਗੀਆਂ।

(ਕ) ਸ੍ਰੀ ਰਾਮ ਅਵਧ, ਪੰਪ ਡਰਾਈਵਰ (ਸੇਵਾ-ਮੁਕਤ) ਨੂੰ ਮਿਤੀ 16.12.2010 ਤੋਂ 15.3.2011 ਤੱਕ, ਤਿੰਨ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 5000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਮੁੜ-ਨਿਯੁਕਤ ਕੀਤਾ ਹੈ। ਉਸ ਦੀ ਮੁੜ ਨਿਯੁਕਤੀ ਡਿਊਟੀ ਤੇ ਹਾਜ਼ਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

**ਡਾ. ਇੰਦਰਜੀਤ ਸਿੰਘ, ਰਜਿਸਟਰਾਰ ਦੀ ਤਨਖਾਹ ਨਿਸ਼ਚਿਤ ਕਰਨ ਦੀ ਪਰਵਾਨਗੀ।**

13. ਆਡਿਟ ਦੀ ਲੋੜ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਇਸ ਯੂਨੀਵਰਸਿਟੀ ਵਿਖੇ ਰਜਿਸਟਰਾਰ ਵਜੋਂ ਨਿਯੁਕਤ ਡਾ. ਇੰਦਰਜੀਤ ਸਿੰਘ ਦੀ ਤਨਖਾਹ UGC ਦੇ ਅਣਸੋਧੇ ਸਕੇਲ 16400-22400 ਦੀ ਬਜਾਏ ਪੰਜਾਬ ਸਰਕਾਰ ਦੇ ਅਣਸੋਧੇ ਸਕੇਲ 14300-20100 ਅਨੁਸਾਰ, ਪੰਜਾਬ ਸਰਕਾਰ ਵਲੋਂ ਮਿਤੀ 1.1.2006 ਤੋਂ ਜਾਰੀ ਕੀਤੇ ਗਏ ਗ੍ਰੇਡਾਂ ਦੇ ਕਨਵਰਸ਼ਨ ਟੇਬਲ ਅਨੁਸਾਰ 37400-67000+8800 ਰੁਪਏ ਗ੍ਰੇਡ ਪੇ ਦੇ ਸਕੇਲ ਵਿਚ ਨਿਸ਼ਚਿਤ ਕੀਤੀ ਜਾਵੇ ਕਿਉਂਜੋ ਪੰਜਾਬ ਸਰਕਾਰ ਵੱਲੋਂ ਉਕਤ ਅਸਾਮੀ ਲਈ ਅਜੇ ਤੱਕ ਯੂ.ਜੀ.ਸੀ. ਗ੍ਰੇਡ ਦੀ ਪਰਵਾਨਗੀ ਨਹੀਂ ਦਿੱਤੀ ਗਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ:- 1. ਇਸ ਯੂਨੀਵਰਸਿਟੀ ਵਿਖੇ ਪਹਿਲਾਂ ਰਜਿਸਟਰਾਰ ਵਜੋਂ ਨਿਯੁਕਤ ਡਾ. ਆਰ.ਐਸ. ਬਾਵਾ ਨੂੰ Personnel Measure ਦੇ ਤੌਰ ਤੇ ਯੂ.ਜੀ.ਸੀ. ਦਾ ਗ੍ਰੇਡ ਦਿੱਤਾ ਗਿਆ ਸੀ ਅਤੇ ਜਦੋਂ ਉਹ ਆਪਣੇ ਅਹੁਦੇ ਤੋਂ ਰਿਟਾਇਰ ਹੋਏ ਤਾਂ ਯੂਨੀਵਰਸਿਟੀ ਬਜਟ ਵਿਚ ਪੰਜਾਬ ਸਰਕਾਰ ਵੱਲੋਂ ਰਜਿਸਟਰਾਰ ਦੀ ਅਸਾਮੀ ਲਈ ਨਿਰਧਾਰਤ ਗ੍ਰੇਡ ਦਾ ਵਰਨਣ ਕਰਨਾ ਚਾਹੀਦਾ ਸੀ। ਪ੍ਰੰਤੂ 2010-11 ਦੇ ਬਜਟ ਵਿਚ 16400-22400 ਦੇ ਗ੍ਰੇਡ ਦਾ ਵਰਨਣ ਕਰ ਦਿੱਤਾ ਗਿਆ।

2. ਰਜਿਸਟਰਾਰ ਦੀ ਅਸਾਮੀ ਲਈ ਇਸ਼ਤਿਹਾਰ ਯੂ.ਜੀ.ਸੀ. ਦੇ ਗ੍ਰੇਡ 16400-22400+1000 SA ਵਿਚ ਦਿੱਤਾ ਗਿਆ ਸੀ। ਪ੍ਰੰਤੂ ਪੰਜਾਬ ਸਰਕਾਰ ਨੇ ਰਜਿਸਟਰਾਰ ਦੀ ਅਸਾਮੀ ਲਈ ਯੂ.ਜੀ.ਸੀ. ਦੇ ਗ੍ਰੇਡ ਦੀ ਪਰਵਾਨਗੀ ਨਹੀਂ ਦਿੱਤੀ ਅਤੇ ਨਾ ਹੀ ਹੁਣ ਤੱਕ ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਕੋਈ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਲਈ ਫਿਲਹਾਲ ਰਜਿਸਟਰਾਰ ਦੀ ਤਨਖਾਹ ਪੰਜਾਬ ਸਰਕਾਰ ਦੇ ਮਿਤੀ 1.1.2006 ਤੋਂ ਜਾਰੀ ਕੀਤੇ ਗਏ ਗ੍ਰੇਡਾਂ ਦੇ ਕਨਵਰਸ਼ਨ ਟੇਬਲ ਅਨੁਸਾਰ 37400-67000+8800 ਰੁਪਏ ਗ੍ਰੇਡ ਪੇ ਦੇ ਸਕੇਲ ਵਿਚ ਨਿਸ਼ਚਿਤ ਕਰਨੀ ਬਣਦੀ ਹੈ।

**ਪਾਸ ਹੋਇਆ** ਕਿ ਆਡਿਟ ਦੀ ਲੋੜ ਨੂੰ ਮੁੱਖ ਰੱਖਦਿਆਂ ਇਸ ਯੂਨੀਵਰਸਿਟੀ ਵਿਖੇ ਰਜਿਸਟਰਾਰ ਵਜੋਂ ਨਿਯੁਕਤ ਡਾ. ਇੰਦਰਜੀਤ ਸਿੰਘ ਦੀ ਤਨਖਾਹ UGC ਦੇ ਅਣਸੋਧੇ ਸਕੇਲ 16400-22400 ਦੀ ਬਜਾਏ ਪੰਜਾਬ ਸਰਕਾਰ

ਦੇ ਅਣਸੋਧੇ ਸਕੇਲ 14300-20100 ਅਨੁਸਾਰ, ਪੰਜਾਬ ਸਰਕਾਰ ਵਲੋਂ ਮਿਤੀ 1.1.2006 ਤੋਂ ਜਾਰੀ ਕੀਤੇ ਗਏ ਗ੍ਰੇਡਾਂ ਦੇ ਕਨਵਰਸ਼ਨ ਟੇਬਲ ਅਨੁਸਾਰ 37400-
67000+8800 ਰੁਪਏ ਗ੍ਰੇਡ ਪੇ ਦੇ ਸਕੇਲ ਵਿਚ ਨਿਸ਼ਚਿਤ ਕਰਨ ਦੀ ਪਰਵਾਨਗੀ

ਦਿੱਤੀ ਜਾਂਦੀ ਹੈ ਕਿਉਂਜੋ ਪੰਜਾਬ ਸਰਕਾਰ ਵੱਲੋਂ ਉਕਤ ਅਸਾਮੀ ਲਈ ਅਜੇ ਤੱਕ ਯੂ.ਜੀ.ਸੀ. ਗ੍ਰੇਡ ਦੀ ਪਰਵਾਨਗੀ ਨਹੀਂ ਦਿੱਤੀ ਗਈ।

**ਸਟੈਂਡਿੰਗ ਕਮੇਟੀ ਆਨ ਡਿਸਟੈਂਸ ਐਜੂਕੇਸ਼ਨ ਦੀਆਂ ਮਿਤੀ 18.11.2010 ਦੀਆਂ ਸਿਫਾਰਸ਼ਾਂ ਦੀ ਪੁਸ਼ਟੀ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਟੈਂਡਿੰਗ ਕਮੇਟੀ ਆਨ ਡਿਸਟੈਂਸ ਐਜੂਕੇਸ਼ਨ ਦੀਆਂ ਮਿਤੀ 18.11.2010 ਦੀਆਂ ਪੈਰਾ 1,7,8 ਅਤੇ 9 ਅਧੀਨ ਹੇਠ ਲਿਖੀਆਂ ਸਿਫਾਰਸ਼ਾਂ ਦੀ ਪਰਵਾਨਗੀ ਦਿੱਤੀ ਹੈ:-

1. Distance Education Cell will encourage the opening of new Associate Institutes both within the State and at the All India level. This information may be displayed on the University website and through an advertisement placed in various national newspapers. Interested agencies must apply for new Institutes by the end of February each year.
(ਪੈਰਾ 1)

2. The existing condition of not allowing any new Institute within ten kilometers of an affiliated college may be dropped. This will facilitate education opportunities to several new and untapped areas.
(ਪੈਰਾ 7)

3. An Associate Institute may be allowed to move premises within the notified limits of the city, town or village. However such changes will be allowed only after a satisfactory report of the Inspection Committee and final approval of the Vice-Chancellor. For change of name of the Institute, the approval of the Vice-Chancellor shall be considered final.
(ਪੈਰਾ 8)

4. In revision to the existing conditions for admissions beyond the stipulated number of seats, Associate Institutes may be allowed to admit upto 50 students in each unit, with the provision that they will remit 50% of the annual fee of all those additional students who have been admitted above the prescribed number. In case the number of admitted students goes above 50, the Associate Institute will also remit to the University an additional fee of Rs. 50000/- besides the above stated part of the annual fee.
(ਪੈਰਾ 9)

ਹੈਲਥ ਸੈਂਟਰ ਵਿਖੇ ਨਕਾਰਾ ਅਤੇ ਨਾ-ਵਰਤੋਂ ਯੋਗ ਯੰਤਰ/ਫਰਨੀਚਰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਹੈਲਥ ਸੈਂਟਰ ਵਿਖੇ 79774/- ਰੁਪਏ ਕੀਮਤ ਦੇ ਯੰਤਰ/ਫਰਨੀਚਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 130 ਉੱਤੇ ਸਟੈਚਿਊਟ 26(a) (5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 5.10.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਉਕਤ ਯੰਤਰਾਂ ਨੂੰ ਸਟੈਚਿਊਟ 26(b) (5) ਅਧੀਨ Public auction ਰਾਹੀਂ ਜਾਂ ਸੀਲਡ ਟੈਂਡਰ ਮੰਗਵਾ ਕੇ ਸਬੰਧਤ ਕਮੇਟੀ ਦੁਆਰਾ dispose off ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ **ਨੋਟ** ਕੀਤਾ ਕਿ ਹੈਲਥ ਸੈਂਟਰ ਵਿਖੇ ਸਟਾਕ ਰਜਿਸਟਰ ਵਿਚ ਉਕਤ ਯੰਤਰ/ ਫਰਨੀਚਰ ਦੀ ਕੀਮਤ ਬਾਰੇ ਕੋਈ ਕੀਮਤ ਦਰਜ ਨਹੀਂ ਹੈ। ਇਸ ਲਈ ਵਰਤਮਾਨ ਕੀਮਤ ਅਨੁਸਾਰ ਇਸ ਦੀ ਅੰਦਾਜਨ ਕੀਮਤ 79774/- ਰੁਪਏ ਬਣਦੀ ਹੈ।

ਸਬੰਧਤ ਵਿਭਾਗਾਂ ਦੇ ਨਕਾਰਾ ਅਤੇ ਨਾ-ਮੁਰੰਮਤਯੋਗ ਯੰਤਰ/ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

16. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(1)(ੳ) ਕੈਮਿਸਟਰੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦਿਆ 20467/- ਰੁਪਏ ਕੀਮਤ ਦਾ ਫਰਨੀਚਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉੱਤੇ ਸਟੈਚਿਊਟ 26(b) (5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 7.10.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਕੈਮਿਸਟਰੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 7.10.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ੲ) ਬਾਇਓ-ਟੈਕਨਾਲੋਜੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 85358/- ਰੁਪਏ ਕੀਮਤ ਦੇ ਰੈਫਰੀਜ਼ਰੇਟਰ ਅਤੇ ਡੀਪ ਫ਼ਰੀਜ਼ਰ, ਜੋ ਲੰਮੇਂ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 10.11.2010 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਸ) ਫਿਜਿਕਸ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 109444.42/- ਰੁਪਏ ਕੀਮਤ ਦੇ ਯੰਤਰ ਜੋ ਲੰਮੇਂ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਉਤੇ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ

ਕਮੇਟੀ ਦੀਆਂ ਮਿਤੀ 7.1.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(2) ਉਕਤ (ੲ) ਅਤੇ (ਸ) ਅਧੀਨ ਯੰਤਰਾਂ/ਸਮਾਨ ਨੂੰ ਸਟੈਚਿਊਟ 26(b) (5) ਅਧੀਨ Public auction ਰਾਹੀਂ ਜਾਂ ਸੀਲਡ ਟੈਂਡਰ ਮੰਗਵਾ ਕੇ ਸਬੰਧਤ ਕਮੇਟੀ ਦੁਆਰਾ dispose off ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਵਾਪਸ ਲਈ ਗਈ ਮੱਦ।

17. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'A' ਅਧੀਨ ਆਰਟਸ ਐਂਡ ਸੋਸ਼ਲ ਸਾਇੰਸਜ਼ ਫੈਕਲਟੀ ਦੀ ਮਿਤੀ 1.9.2010 ਦੀ ਸਿਫਾਰਸ਼ ਅਨੁਸਾਰ ਸੈਸ਼ਨ 2011-12 ਤੋਂ ਡਿਪਲੋਮਾ ਇਨ ਕੌਂਸਲਿੰਗ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕਰਨ ਤੇ ਵਿਚਾਰ ਕਰਨੀ।"

ਅਰਵਿੰਦ ਦੀਵਾਨ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ।

18. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਬੀ.ਏ. ਚੌਥਾ ਸਮੈਸਟਰ ਦੇ ਵਿਦਿਆਰਥੀ- ਅਰਵਿੰਦ ਦੀਵਾਨ ਰੋਲ ਨੰ: 2111, ਜੋ ਐਕਸੀਡੈਂਟ ਹੋ ਜਾਣ ਕਾਰਣ, ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2006 ਤੱਕ ਆਪਣਾ ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ ਸਿੰਡੀਕੇਟ ਦੇ ਨਿਰਣੇ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**BJMC ਅਤੇ MJMC ਦੇ** ਅਧਿਆਦੇਸ਼ਾਂ ਵਿਚ ਵਾਧੇ ਦੀ ਪੁਸ਼ਟੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ- ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸੰਬਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵੱਲੋਂ ਸੈਸ਼ਨ 2010-11 ਤੋਂ BJMC ਅਤੇ MJMC ਦੇ ਸੁਝਾਏ ਅਧਿਆਦੇਸ਼ਾਂ ਵਿਚ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਹੈ:-

**BJMC:**

13. No Carry on system for BJMC.
14. If a student is marked absent in his/her practical examination, his/her result should be declared as failed.
15. Rules for special chance are the same as for B.A. Courses.

**MJMC:**

6.2 If a student fails in theory paper, his Practical/ Project pass marks will be considered for his next examination.

ਐਮ.ਏ. ਧਾਰਮਿਕ ਅਧਿਐਨ (ਸਮੈਸਟਰ ਸਿਸਟਮ) ਦੇ ਅਧਿਆਦੇਸ਼ਾਂ ਵਿਚ ਸੋਧ।

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸਨ 2010-11 ਤੋਂ ਐਮ.ਏ. ਧਾਰਮਿਕ ਅਧਿਐਨ

(ਸਮੈਸਟਰ ਸਿਸਟਮ) ਦੇ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਸੋਧ ਪਰਵਾਨ ਕੀਤੀ ਹੈ। ਸੋਧ ਹਿਤ ਮਾਮਲਾ ਰੈਗੁਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

| **Present Ordinances** | **Proposed Ordinances** |
|---|---|
| M.A. with at least 50% Marks in the subject of Punjabi/History/ Philosophy/Sociology/Religious Studies; Or B.A. with at least 45% marks in any one of the elective subject: Punjabi/History/ Philosophy/Sociology/Religious Studies; Or B.A./B.Sc. under 10+2+3 system with at least 50% marks. | M.A. with at least 50% Marks in the subject of Punjabi/History/ Philosophy/Sociology/Religious Studies; Or B.A. with at least 45% marks in any one of the elective subject: Punjabi/History/ Philosophy/Sociology/Religious Studies; Or B.A./B.Sc. under 10+2+3 system with at least 50% marks **Or B.A.(Hons. School) in Punjabi Or Bachelor Degree with 50% marks in any Discipline.** |

**ਬੀ.ਫਾਰਮੇਸੀ. ਦੀ ਵਿਦਿਆਰਥਣ- ਰਮਿੰਦਰ ਕੌਰ ਨੂੰ ਰੀ-ਅਪੀਅਰ ਦੀ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।**

21. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੀ.ਫਾਰਮੇਸੀ ਭਾਗ ਦੂਜਾ, ਸੈਸ਼ਨ 2004 ਦੀ ਵਿਦਿਆਰਥਣ- ਰਮਿੰਦਰ ਕੌਰ, ਰੋਲ ਨੰ: 1529, ਜੋ ਵਿਦੇਸ਼ ਜਾਣ ਕਰਕੇ 2500/- ਰੁਪਏ ਅਤੇ 5000/- ਰੁਪਏ ਨਾਲ ਮਿਲਣਯੋਗ ਦੋ ਵਿਸ਼ੇਸ਼ ਮੌਕੇ ਅਵੇਲ ਨਾ ਕਰਨ ਕਰਕੇ ਨਿਰਧਾਰਤ ਸਮੇਂ ਅੰਦਰ ਭਾਵ ਅਪ੍ਰੈਲ 2007 ਤੱਕ ਆਪਣੇ ਪੇਪਰ (PSY-203) Organic Chemistry ਦੀ ਰੀ-ਅਪੀਅਰ ਕਲੀਅਰ ਨਹੀਂ ਕਰ ਸਕੀ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ ਉਕਤ ਪੇਪਰ ਦੀ ਰੀ-ਅਪੀਅਰ ਕਲੀਅਰ ਕਰਨ ਲਈ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਪੀਨਲ ਫੀਸ ਨਾਲ ਮਈ 2011 ਵਿਚ ਵਿਸੇਸ਼ ਮੌਕਾ ਦਿੱਤਾ ਜਾਂਦਾ ਹੈ।

**ਡਾ. ਗੁਰਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ ਦੀ ਮਿਤੀ 24.12.2010 ਤੋਂ 14.9.2011 ਤੱਕ ਦੇ ਡੈਪੂਟੇਸ਼ਨ ਸਮੇਂ ਨੂੰ ਰੱਦ ਕਰਨ ਦੀ ਪੁਸ਼ਟੀ।**

22. ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ ਜਿਸ ਰਾਹੀਂ ਉਨ੍ਹਾਂ ਨੇ ਡਾ. ਗੁਰਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ ਦੀ ਮਿਤੀ 24.12.2010 ਤੋਂ 14.9.2011 ਤੱਕ ਦੇ ਡੈਪੂਟੇਸ਼ਨ ਸਮੇਂ ਨੂੰ ਰੱਦ ਕਰਨ ਦੀ ਪਰਵਾਨਗੀ ਦਿੱਤੀ ਹੈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ:- ਡਾ. ਗੁਰਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ ਨੂੰ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ, ਪਟਿਆਲਾ ਵਿਖੇ ਵਾਈਸ-ਚਾਂਸਲਰ ਵਜੋਂ ਜੁਆਇਨ ਕਰਨ ਹਿਤ ਮਿਤੀ 15.9.2006 ਤੋਂ 14.9.2007 ਤੱਕ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਪਰਵਾਨ ਕੀਤੀ ਗਈ ਸੀ। ਪ੍ਰੰਤੂ ਚੀਫ ਜਸਟਿਸ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਉਕਤ ਯੂਨੀਵਰਸਿਟੀ ਦੇ ਚਾਂਸਲਰ ਵੱਲੋਂ ਪ੍ਰਾਪਤ ਪੱਤਰ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਇੱਕਤਰਤਾ ਮਿਤੀ 29.1.2008 ਦੇ ਪੈਰਾ 77 ਰਾਹੀਂ ਉਨ੍ਹਾਂ ਦੀ ਅਸਾਧਾਰਣ ਬਿਨਾਂ ਤਨਖਾਹ ਛੁੱਟੀ ਰੱਦ ਕਰਕੇ ਡੈਪੂਟੇਸ਼ਨ ਦੀਆਂ ਸ਼ਰਤਾਂ ਤੇ ਉਸੇ ਮਿਤੀ (15.9.2006) ਤੋਂ ਪੰਜ ਸਾਲ ਲਈ ਉਨ੍ਹਾਂ ਨੂੰ ਉਕਤ ਯੂਨੀਵਰਸਿਟੀ ਵਿਖੇ ਡੈਪੂਟੇਸ਼ਨ ਤੇ ਮੰਨਣ ਦੀ ਪਰਵਾਨਗੀ ਦਿੱਤੀ ਗਈ ਸੀ। ਡਾ. ਗੁਰਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ ਨੇ ਘਰੇਲੂ ਕਾਰਣਾਂ ਕਰਕੇ ਉਕਤ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਉਹ ਇਸ ਯੂਨੀਵਰਸਿਟੀ ਵਿਖੇ ਮਿਤੀ

24.12.2010 ਤੋਂ ਆਪਣੀ ਡਿਊਟੀ ਤੇ ਹਾਜਰ ਹੋ ਗਏ ਹਨ।

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਗੁਰਜੀਤ ਸਿੰਘ, ਪ੍ਰੋਫੈਸਰ, ਕਾਨੂੰਨ ਵਿਭਾਗ ਦੀ ਮਿਤੀ 24.12.2010 ਤੋਂ 14.9.2011 ਤੱਕ ਦੇ ਡੈਪੂਟੇਸ਼ਨ ਸਮੇਂ ਨੂੰ ਰੱਦ ਕਰਨ ਦੀ ਪਰਵਾਨਗੀ ਦਿੱਤੀ ਹੈ।

ਕੰਪਿਊਟਰ ਸੈਂਟਰ ਵਿਖੇ ਨਕਾਰਾ ਅਤੇ ਨਾ-ਵਰਤੋਂ ਯੋਗ ਕੰਪਿਊਟਰ, ਪ੍ਰਿੰਟਰ ਅਤੇ ਸਕੈਨਰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

23. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੰਪਿਊਟਰ ਸੈਂਟਰ ਵਿਖੇ ਵੱਖ-ਵੱਖ ਸਮੇਂ ਖ਼੍ਰੀਦੇ 11,12,960/- ਰੁਪਏ ਕੀਮਤ ਦੇ ਕੰਪਿਊਟਰ, ਪ੍ਰਿੰਟਰ ਅਤੇ ਸਕੈਨਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕੇ ਹਨ, ਨੂੰ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 30.11.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**MET-2010/PAM-CAT-2010** ਦੇ ਪ੍ਰਾਸਪੈਕਟਸ ਵੱਟੇ-ਖਾਤੇ ਪਾਉਣ ਅਤੇ ਕੁਤਰਾ-ਕੁਤਰਾ ਕਰਕੇ ਖਤਮ ਕਰਨ ਦੀ ਪਰਵਾਨਗੀ।

24. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ MET-2010/PAM-CAT-2010 ਦੇ ਦਾਖਲੇ ਟੈਸਟ ਲਈ ਵਰਤੋਂ ਉਪਰੰਤ ਬਾਕੀ ਬਚਦੇ 1861 ਪ੍ਰਾਸਪੈਕਟਸ, ਜਿਨ੍ਹਾਂ ਦੀ ਕੁੱਲ ਖ਼੍ਰੀਦ ਕੀਮਤ 32400/- ਰੁਪਏ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b) ਅਧੀਨ ਵੱਟੇ-ਖਾਤੇ ਪਾਉਣ ਅਤੇ ਕੁਤਰਾ-ਕੁਤਰਾ ਕਰਕੇ ਖਤਮ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਪੀ.ਐਚ.ਡੀ. ਕੋਰਸ ਕਰ ਰਹੇ ਵਿਦਿਆਰਥੀਆਂ ਤੋਂ ਫੀਸ ਲੈਣ ਸਬੰਧੀ ਨਿਰਣੇ ਵਿਚ ਸੋਧ।

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 24.5.2010 ਦੇ ਪੈਰਾ 71(4) ਰਾਹੀਂ ਪੀ.ਐਚ.ਡੀ. ਕੋਰਸ ਕਰ ਰਹੇ ਵਿਦਿਆਰਥੀਆਂ ਤੋਂ ਫੀਸ ਲੈਣ ਸਬੰਧੀ ਨਿਰਣੇ ਵਿਚ ਹੇਠ ਲਿਖੇ ਅਨੁਸਾਰ ਸੋਧ ਦੀ ਪਰਵਾਨਗੀ ਦਿੱਤੀ ਹੈ:-

| **Present** | **Proposed** |
|---|---|
| The Students who join Ph.D. after M.Phil. shall be charged half of the tuition fee for first year of their enrolment as applicable for the students who join Ph.D. without M.Phil. | The Students who join Ph.D. after M.Phil./ <u>M.Tech./ LL.M./ M.D./ M.S./ M.Pharma or any other degree which requires a minimum of seven years of education after senior secondary(10+2) shall be charged half of the tuition fee for first year of their registration.</u> |

ਬੀ.ਐਸ.ਸੀ. ਭਾਗ ਤੀਜਾ ਦੀ ਵਿਦਿਆਰਥਣ- ਸੁਰਜੀਤ ਕੌਰ ਨੂੰ ਕੰਪਾਰਟਮੈਂਟ ਦੀ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।

26. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੀ.ਐਸ.ਸੀ. ਭਾਗ ਤੀਜਾ, ਅਪ੍ਰੈਲ 2008 ਦੀ ਵਿਦਿਆਰਥਣ- ਸੁਰਜੀਤ ਕੌਰ, ਰੋਲ ਨੰ: 328989, ਜੋ ਵਿਦੇਸ਼ ਜਾਣ ਕਰਕੇ ਨਿਯਮਾਂ ਅਨੁਸਾਰ ਮਿਲਣਯੋਗ ਦੋ ਮੌਕੇ ਅਤੇ 2500/- ਰੁਪਏ ਅਤੇ 5000/- ਰੁਪਏ ਨਾਲ ਮਿਲਣਯੋਗ ਦੋ ਵਿਸ਼ੇਸ਼ ਮੌਕੇ ਅਵੇਲ ਨਾ ਕਰਨ ਕਰਕੇ ਨਿਰਧਾਰਤ ਸਮੇਂ ਅੰਦਰ ਭਾਵ ਅਪ੍ਰੈਲ 2010 ਤੱਕ ਇਕਨਾਮਿਕਸ-ਬੀ ਪੇਪਰ ਦੀ ਕੰਪਾਰਟਮੈਂਟ ਕਲੀਅਰ ਨਹੀਂ ਕਰ ਸਕੀ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ ਉਕਤ ਪੇਪਰ ਦੀ ਕੰਪਾਰਟਮੈਂਟ ਕਲੀਅਰ ਕਰਨ ਲਈ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਪੀਨਲ ਫੀਸ ਨਾਲ ਵਿਸੇਸ਼ ਮੌਕਾ ਦਿੱਤਾ ਜਾਂਦਾ ਹੈ।

ਸ੍ਰੀ ਸੰਜੀਵ ਅਰੋੜਾ, ਲੈਕਚਰਾਰ ਕਮਰਸ ਯੂਨੀਵਰਸਿਟੀ ਕਾਲਜ, ਜਲੰਧਰ ਦੀ ਸਟੱਡੀ ਲੀਵ ਵਿਚ ਵਾਧੇ ਦੀ ਪੁਸ਼ਟੀ।

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੰਜੀਵ ਅਰੋੜਾ, ਲੈਕਚਰਾਰ ਕਮਰਸ, ਯੂਨੀਵਰਸਿਟੀ ਕਾਲਜ, ਜਲੰਧਰ ਦੀ ਸਟੱਡੀ ਲੀਵ (ਪੂਰੀ ਤਨਖਾਹ ਸਮੇਤ) ਵਿਚ ਮਿਤੀ 31.12.2010 ਤੋਂ ਇਕ ਸਾਲ ਦਾ ਵਾਧਾ ਕੀਤਾ ਹੈ।

ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦੇ ਲੇਟ ਦਾਖਲੇ ਦੀ ਪਰਵਾਨਗੀ।

28. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦਾ 5000/- ਰੁਪਏ ਲੇਟ ਫੀਸ ਨਾਲ ਦਾਖਲਾ ਪਰਵਾਨ ਕੀਤਾ ਜਾਂਦਾ ਹੈ।

ਵੱਖ-ਵੱਖ ਕਮੇਟੀਆਂ/ ਬੋਰਡ ਸੰਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

29. ਮਿਤੀ 1.4.2011 ਤੋਂ 31.3.2012 ਤੱਕ ਦੇ ਸਮੇਂ ਲਈ ਹੇਠ ਲਿਖੀਆਂ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ 'ਤੇ ਵਿਚਾਰ ਹੋਈ:-

1. ਪਲਾਨਿੰਗ ਬੋਰਡ
2. ਪ੍ਰੈਸ ਤੇ ਪਬਲੀਕੇਸ਼ਨ ਕਮੇਟੀ
3. ਕੈਂਪਸ ਕਮੇਟੀ
4. ਮੈਡੀਕਲ /ਹੈਲਥ ਕਮੇਟੀ
5. ਫਾਰਮ ਐਂਡ ਲੈਂਡ ਸਕੇਪ ਕਮੇਟੀ
6. ਕਲਚਰਲ ਕਮੇਟੀ
7. ਵਿਦੇਸ਼ੀ ਵਿਦਿਆਰਥੀ ਐਡਵਾਇਜ਼ਰੀ ਕਮੇਟੀ

**ਰਿਜਨਲ ਕੈਂਪਸ, ਜਲੰਧਰ**

1. ਅਨੁਸ਼ਾਸਨੀ ਕਮੇਟੀ
2. ਕੈਂਪਸ ਕਮੇਟੀ
3. ਮੈਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ
5. ਸਪੋਰਟਸ ਕਮੇਟੀ
6. ਵੂਮੈਨ ਵੈਲਫੇਅਰ ਕਮੇਟੀ

ਰਿਜਨਲ ਕੈਂਪਸ, ਗੁਰਦਾਸਪੁਰ

1. ਅਨੁਸ਼ਾਸਨੀ ਕਮੇਟੀ
2. ਕੈਂਪਸ ਕਮੇਟੀ
3. ਮੈਸ ਅਤੇ ਕੰਟੀਨ ਕਮੇਟੀ
4. ਕਲਚਰਲ ਕਮੇਟੀ

**ਪਾਸ ਹੋਇਆ** ਕਿ ਮਿਤੀ 1.4.2011 ਤੋਂ 31.3.2012 ਤੱਕ ਦੇ ਸਮੇਂ ਲਈ ਉਕਤ ਅਨੁਸਾਰ ਵੱਖ-ਵੱਖ ਕਮੇਟੀਆਂ/ਬੋਰਡ ਸੰਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਵੱਖ-ਵੱਖ ਪ੍ਰੀਖਿਆਵਾਂ ਦੀਆਂ ਉੱਤਰ-ਪੱਤਰੀਆਂ ਦੇ ਮੁਲਾਂਕਣ ਸਬੰਧੀ ਅਧਿਆਦੇਸ਼ ਵਿਚ ਸੋਧ ਅਤੇ ਮੁੱਖ-ਪ੍ਰੀਖਿਅਕਾਂ ਨੂੰ ਬਕਾਇਆ ਰਾਸ਼ੀ ਦੀ ਅਦਾਇਗੀ ਦੀ ਆਗਿਆ।**

30. (ੳ) ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਵੱਖ-ਵੱਖ ਪ੍ਰੀਖਿਆਵਾਂ ਦੀਆਂ ਉੱਤਰ-ਪੱਤਰੀਆਂ ਦੇ ਮੁਲਾਂਕਣ ਹਿਤ ਨਿਯੁਕਤ ਮੁੱਖ-ਪ੍ਰੀਖਿਅਕਾਂ (Head Examiners) ਦੁਆਰਾ ਉੱਤਰ-ਪੱਤਰੀਆਂ ਦੀ ਪੜਤਾਲ ਸਬੰਧੀ ਯੂਨੀਵਰਸਿਟੀ ਕੈਲੰਡਰ ਭਾਗ ਚੌਥਾ ਦੇ ਪੰਨਾ 141 ਉੱਤੇ ਦਰਜ ਅਧਿਆਦੇਸ਼ 10.2 ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਇਹ ਸੋਧ ਅਪੈਲ/ਮਈ 2010 ਦੀਆਂ ਪ੍ਰੀਖਿਆਵਾਂ ਤੋਂ ਲਾਗੂ ਹੋਵੇਗੀ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| **Existing Provision** | **Proposed Provision** |
|---|---|
| 10.2 Head Examiners | 10.2 Head Examiners |
| Written Paper<br>(b) For revision of 10 percent of total number of answer-books marked by the sub-examiner excluding the test instalments. | Written Paper<br>(b) For revision of 30 percent of total number of answer-books marked by the sub-examiner excluding the test instalments. |

(ਅ) ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਪ੍ਰੈਲ/ਮਈ 2010 ਦੀਆਂ ਪ੍ਰੀਖਿਆਵਾਂ ਦੌਰਾਨ ਨਿਯੁਕਤ ਮੁੱਖ-ਪ੍ਰੀਖਿਅਕਾਂ (Head Examiners) ਨੂੰ 30% ਉੱਤਰ-ਪੱਤਰੀਆਂ ਦੇ ਮੁਲਾਂਕਣ ਦੇ ਹਿਸਾਬ ਨਾਲ ਬਕਾਇਆ ਰਕਮ ਦੀ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਹੈ।

ਇਹ **ਨੋਟ** ਕੀਤਾ ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਅਪ੍ਰੈਲ/ਮਈ 2010 ਦੀਆਂ ਪ੍ਰੀਖਿਆਵਾਂ ਦੌਰਾਨ ਵੱਖ-ਵੱਖ ਪ੍ਰੀਖਿਆਵਾਂ ਦੀਆਂ ਉੱਤਰ-ਪੱਤਰੀਆਂ ਦੇ ਮੁਲਾਂਕਣ ਹਿਤ ਨਿਯੁਕਤ ਕੀਤੇ ਗਏ ਮੁੱਖ-ਪ੍ਰੀਖਿਅਕਾਂ ਨੂੰ 30% ਦੀ ਦਰ ਨਾਲ ਉੱਤਰ-ਪੱਤਰੀਆਂ ਦੀ ਪੜਤਾਲ ਕਰਨ ਦੀ ਹਿਦਾਇਤ ਕੀਤੀ ਗਈ ਸੀ। ਪ੍ਰੰਤੂ ਯੂਨੀਵਰਸਿਟੀ ਕੈਲੰਡਰ ਭਾਗ ਚੌਥਾ ਦੇ ਪੰਨਾ 141 ਉੱਤੇ ਦਰਜ ਅਧਿਆਦੇਸ਼ ਮੁਤਾਬਕ ਮੁੱਖ-ਪ੍ਰੀਖਿਅਕਾਂ ਨੂੰ ਕੇਵਲ 10% ਉੱਤਰ-ਪੱਤਰੀਆਂ ਦੇ ਹਿਸਾਬ ਨਾਲ ਅਦਾਇਗੀ ਕੀਤੀ ਗਈ ਸੀ

**Master in Exercise Physiology & Nutrition** ਲਈ ਸੈਸ਼ਨ 2011-12 ਤੋਂ ਯੋਗਤਾ ਸ਼ਰਤ ਦੀ ਸੋਧ ਸਹਿਤ ਪਰਵਾਨਗੀ।

31. ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਹੋਈ ਕਿ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵੱਲੋਂ Master in Exercise Physiology & Nutrition ਲਈ ਸੈਸ਼ਨ 2011-12 ਤੋਂ ਸੁਝਾਈ ਯੋਗਤਾ ਸ਼ਰਤ ਵਿਚ ਹੇਠ ਲਿਖੇ ਅਨੁਸਾਰ ਸੋਧ ਪਰਵਾਨ ਕੀਤੀ ਜਾਵੇ:-

| **Existing** | **Proposed** |
|---|---|
| Bachelor's Degree or Higher Degree in Medical or Biological specialities from any recognized University/ Institute graduating with at least 50% marks. | Bachelor's Degree or Higher Degree in Medical or Biological specialities from any recognized University/ Institute graduating with at least 50% marks.<br><br>OR<br><br>B.Sc. (Home Science), B.Sc. Clinical Nutrition and Dietetics and PG Diploma in Nutrition and Dietetics with at least 50% marks. |

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਉਕਤ ਸਿਫ਼ਾਰਸ਼ ਇਸ ਸੋਧ ਸਹਿਤ ਪਰਵਾਨ ਕੀਤੀ ਜਾਂਦੀ ਹੈ ਕਿ B.Sc. Home Science with Food and Nutrition ਹੋਵੇਗਾ।

ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ਤੇ ਵੱਖ-ਵੱਖ ਪ੍ਰੀਖਿਆਵਾਂ ਦੇ ਯੋਗ ਉਮੀਦਵਾਰਾਂ ਨੂੰ ਡਿਗਰੀਆਂ ਪਰਦਾਨ ਕਰਨ ਦੀ ਪਰਵਾਨਗੀ।

32. ਵਾਈਸ ਚਾਂਸਲਰ ਸਾਹਿਬ ਦੀਆਂ ਸਿਫਾਰਸ਼ਾਂ 'ਤੇ ਵਿਚਾਰ ਉਪਰੰਤ

**ਪਾਸ ਹੋਇਆ** :-

(ੳ) ਕਿ ਵੱਖ-ਵੱਖ ਪ੍ਰੀਖਿਆਵਾਂ ਦੇ ਹੇਠ ਲਿਖੇ ਅਨੁਸਾਰ ਪਾਸ ਉਮੀਦਵਾਰਾਂ ਨੂੰ ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ ਤੇ ਡਿਗਰੀਆਂ ਪ੍ਰਾਪਤ ਕਰਨ ਲਈ ਸੱਦਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | | |
|---|---|---|
| 1. | ਪੀ.ਐਚ.ਡੀ./ਐਮ.ਫਿਲ | ਸਾਰੇ ਉਮੀਦਵਾਰ |
| 2. | ਬਾਕੀ ਸਾਰੀਆਂ ਪ੍ਰੀਖਿਆਵਾਂ | ਪਹਿਲੀਆਂ ਤਿੰਨ ਪੋਜੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

(ਅ) ਕਿ ਵੱਖ-ਵੱਖ ਫੈਕਲਟੀਆਂ ਦੇ ਪੀ.ਐਚ.ਡੀ., ਐਮ.ਫਿਲ. ਅਤੇ ਬਾਕੀ ਸਾਰੀਆਂ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੇ ਨਤੀਜੇ, ਜੋ ਹੇਠਾਂ ਦਰਸਾਈਆਂ ਮਿਤੀਆਂ ਤੱਕ ਨਿਕਲ ਚੁੱਕੇ ਹਨ, ਨੂੰ ਉਕਤ (ੳ) ਅਨੁਸਾਰ 37ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | | |
|---|---|---|
| 1. | ਪੀ.ਐਚ.ਡੀ. | ਕਨਵੋਕੇਸ਼ਨ ਦੀ ਮਿਤੀ ਤੋਂ ਇਕ ਦਿਨ ਪਹਿਲਾਂ |
| 2. | ਐਮ.ਫਿਲ. | ਕਨਵੋਕੇਸ਼ਨ ਦੀ ਮਿਤੀ ਤੋਂ ਤਿੰਨ ਦਿਨ ਪਹਿਲਾਂ |
| 3. | ਬਾਕੀ ਸਾਰੀਆਂ ਪ੍ਰੀਖਿਆਵਾਂ | ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੱਕ |

ਇਹ ਨੋਟ ਕੀਤਾ ਕਿ ਯੂਨੀਵਰਸਿਟੀ ਦੀ 37ਵੀਂ ਕਨਵੋਕੇਸ਼ਨ 1 ਮਾਰਚ, 2011 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਹੋ ਰਹੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

33. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਅਮਨਪ੍ਰੀਤ | Structure-Property Correlations in Borosilicate and Boroalumino-Silicate Glasses by Thermal Analysis and Spectroscopic Techniques | ਅਪਲਾਈਡ ਫਿਜੀਕਸ-ਅਪਲਾਈਡ ਸਾਇੰਸਜ਼ ਫੈਕਲਟੀ |
| 2. | ਅਮਿਤ ਸ਼ਰਮਾ | Synthesis of meso-Substituted Bis(heterocyclyl) methane Derivatives and Novel Porphyrinoids | ਅਪਲਾਈਡ ਕੈਮੀਕਲ ਸਾਇੰਸਜ਼ ਐਂਡ ਟੈਕਨਾਲੋਜੀ-ਅਪਲਾਈਡ ਸਾਇੰਸਜ਼ ਫੈਕਲਟੀ |
| 3. | ਕਰਨਜੀਤ ਸਿੰਘ | Evaluation of Kinanthropometric Characterstics of High and Low Performer Athletes | ਫਿਜੀਕਲ ਐਜੂਕੇਸ਼ਨ-ਫਿਜੀਕਲ ਐਜੂਕੇਸ਼ਨ ਫੈਕਲਟੀ |
| 4. | ਰਜਿੰਦਰ ਸਿੰਘ | Contribution of Balraj Sahni to Hindi Literature | ਹਿੰਦੀ-ਲੈਂਗੂਏਜਿਜ਼ ਫੈਕਲਟੀ |
| 5. | ਨਾਜਾਮ ਦੀਨ | Development of Urdu Language and Literature in Jammu Region from 1850 to 1947 | ਉਰਦੂ-ਲੈਂਗੂਏਜਿਜ਼ ਫੈਕਲਟੀ |
| 6. | ਜਸਵੀਨ ਕੌਰ | Customer Relationship Management: A Study of Selected Banks in India | ਕਮਰਸ-ਇਕਨਾਮਿਕਸ ਤੇ ਬਿਜਨੈਸ ਫੈਕਲਟੀ |
| 7. | ਪ੍ਰਿਆ ਅਰੋੜਾ | Brassinosteroid Regulated Antioxidative Defence System of Brassica Juncea L. under Heavy Metal Stress | ਬੋਟਨੀ-ਲਾਈਫ ਸਾਇੰਸਜ਼ ਫੈਕਲਟੀ |
| 8. | ਛਵੀ | Influence of exercise and antioxidants supplementation on lipid profile, free radical scavenging enzymes and lipid peroxidation in elite sports persons | ਮੋਲੀਕਿਊਲਰ ਬਿਆਲੋਜੀ ਤੇ ਬਾਇਓ ਕੈਮਿਸਟਰੀ-ਲਾਈਫ ਸਾਇੰਸਜ਼ ਫੈਕਲਟੀ |
| 9. | ਸੱਕਤਰ ਸਿੰਘ | ਟੀ.ਆਰ. ਵਿਨੋਦ ਦਾ ਸਾਹਿਤ ਚਿੰਤਨ : ਸਮੀਖਿਆ ਵਿਧੀ ਅਤੇ ਵਿਚਾਰਧਾਰਾ | ਪੰਜਾਬੀ-ਲੈਂਗੂਏਜਿਜ਼ ਫੈਕਲਟੀ |
| 10. | ਅਭਿਸ਼ੇਕ ਸ਼ਰਮਾ | Synthetic Studies of Some Bioactive C- Alkylated Phenolics and Heteroaromatic Compounds Using Green Methodologies | ਕੈਮਿਸਟਰੀ-ਸਾਇੰਸਜ਼ ਫੈਕਲਟੀ |
| 11. | ਰੀਮਾ ਸ਼ਰਮਾ | Impact of Corporate Governance on Financial Perfromance of Selected Companies in India | ਕਮਰਸ-ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ |
| 12. | ਵਿਸ਼ਾਖਾ ਮਹਿਰਾ | Accounting and Reporting of Intangible Assets in India. | - ਉਹੀ - |
| 13. | ਹਰਦੀਪ ਕੌਰ | Indian Energy Sector - Environmental Challenges and Role of Corporate Sector | ਇਕਨਾਮਿਕਸ-ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ |

| | | | |
|---|---|---|---|
| 14. | ਦੀਪਾਕਸ਼ੀ ਗੁਪਤਾ | Human Resource Development Practices in Information Technology Industry in India | - ਉਹੀ - |
| 15. | ਗੀਤਿੰਦਰ ਗਿੱਲ | Impact of Economic Liberalisation on Small Scale Sector in India | - ਉਹੀ - |
| 16. | ਸੰਦੀਪ ਸਿੰਘ ਓਸਾਹਨ | Physico- Chemical & Functional Properties of Starch and Proteins in Different Wheat Varieties in Relation to Bulgar Quality | ਫੂਡ ਸਾਇੰਸ ਤੇ ਟੈਕਨਾਲੋਜੀ- ਅਪਲਾਈਡ ਸਾਇੰਸਜ਼ ਫੈਕਲਟੀ |
| 17. | ਆਰਤੀ ਦੇਵੀ | Emotional Intelligence in Relation to Self-Concept, Achievement Motivation and Academic Achievement of Student-Teachers of Punjab. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ |
| 18. | ਹਿਨਾ ਚੱਠਾ | An Investigation into the Effectiveness of Relapse Prevention Therapy in Substance Abusers. | ਸਾਈਕਾਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ |

**ਵਾਈਸ-ਚਾਂਸਲਰ ਸਾਹਿਬ ਦਾ ਬਿਆਨ।**

34. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਇਸ ਯੂਨੀਵਰਸਿਟੀ ਨੇ ਓਵਰਆਲ ਨਾਰਥ ਜ਼ੋਨ ਇੰਟਰ-ਯੂਨੀਵਰਸਿਟੀ ਯੂਥ ਫੈਸਟੀਵਲ ਚੈਂਪੀਅਨਸ਼ਿਪ ਨੌਂਵੀ ਵਾਰ ਜਿੱਤੀ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਅਤੇ ਭਾਰਤ ਸਰਕਾਰ ਦੇ ਯੁਵਕ ਮਾਮਲੇ ਅਤੇ ਖੇਡ ਵਿਭਾਗ ਵੱਲੋਂ ਆਯੋਜਿਤ 26ਵੇਂ ਨਾਰਥ ਜ਼ੋਨ ਇੰਟਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿਚ ਮਿਊਜ਼ਕ ਅਤੇ ਲਿਟਰੇਰੀ ਟਰਾਫੀਆਂ ਵੀ ਪ੍ਰਾਪਤ ਕੀਤੀਆਂ ਹਨ ਅਤੇ ਹੁਣੇ ਜਿਹੇ ਸੰਪਨ ਹੋਈ ਇੰਟਰ ਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵਲ ਵਿਚ ਯੂਨੀਵਰਸਿਟੀ ਨੇ ਰਨਰਜ਼-ਅਪ ਪੁਜੀਸ਼ਨ ਹਾਸਲ ਕੀਤੀ ਹੈ ਅਤੇ ਨਾਲ ਹੀ Literary Trophy ਵੀ ਜਿੱਤੀ ਹੈ।

2. ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੌਜੀ ਵਿਭਾਗ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫਿਜ਼ਿਕਸ ਵਿਭਾਗ ਨੂੰ ਨੈਨੋ ਟੈਕਨਾਲੌਜੀ ਦੇ ਖੇਤਰ ਵਿਚ ਖੋਜ ਅਤੇ ਪ੍ਰਫੁਲਤਾ ਵਾਸਤੇ 32 ਲੱਖ ਰੁਪਏ ਦਾ ਇਕ ਵੱਡਾ ਖੋਜ ਪ੍ਰਾਜੈਕਟ ਮਨਜ਼ੂਰ ਕੀਤਾ ਗਿਆ ਹੈ। ਇਸ ਪ੍ਰਾਜੈਕਟ ਦੇ ਇੰਚਾਰਜ ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਸੁਰਿੰਦਰ ਸਿੰਘ, ਡੀਨ, ਵਿਦਿਅਕ ਮਾਮਲੇ ਹੋਣਗੇ।

3. ਭਾਰਤ ਸਰਕਾਰ ਦੇ ਬਾਇਓਟੈਕਨਾਲੌਜੀ ਵਿਭਾਗ ਵੱਲੋਂ Insights into secondary metabolite production and their accumulation in Withania somenifera using in vitro propagation system ਵਿਸ਼ੇ 'ਤੇ DBT- India ਅਤੇ National Instiute of Advanced Industrial Science and Technology, Japan ਦੇ ਸਾਂਝੇ ਖੋਜ ਪ੍ਰਾਜੈਕਟ ਵਾਸਤੇ ਯੂਨੀਵਰਸਿਟੀ ਨੂੰ 60,25,600/- ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

4. ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਗਿਆਰਵੀ ਯੋਜਨਾ ਅਧੀਨ ਜਰਨਲ ਡਿਵੈਲਪਮੈਂਟ ਅਸਿਸਟੈਂਸ ਵਜੋਂ ਪ੍ਰਾਪਤ ਪੰਜ ਲੱਖ ਰੁਪਏ ਦੀ ਗ੍ਰਾਂਟ ਨਾਲ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਵਿਖੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਵਿਸਥਾਰ ਲਈ ਰਿਸੋਰਸ ਸੈਂਟਰ ਫਾਰ ਕੰਪੈਰੇਟਿਵ ਲਿਟਰੇਚਰ ਸਥਾਪਿਤ ਕੀਤਾ ਜਾ ਰਿਹਾ ਹੈ।

5. ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਨਵੰਬਰ, 2010 ਤੋਂ ਹੁਣ ਤੱਕ 543 ਵਿਦਿਆਰਥੀਆਂ ਨੂੰ ਵੱਖ ਵੱਖ ਕੰਪਨੀਆਂ ਦੁਆਰਾ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ 2011 ਦੇ ਕੁੱਲ 558 ਵਿਦਿਆਰਥੀਆਂ ਦੀ ਦੇਸ਼ ਦੀਆਂ ਨੈਸ਼ਨਲ ਅਤੇ ਮਲਟੀਨੈਸ਼ਨਲ ਕੰਪਨੀਆਂ ਵਿਚ ਪਲੇਸਮੈਂਟ ਹੋ ਚੁੱਕੀ ਹੈ।

6. ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਲੱਧੇਵਾਲੀ, ਜਲੰਧਰ ਦੇ ਕਾਨੂੰਨ ਵਿਭਾਗ ਦੇ ਇਕ ਅਧਿਆਪਕ ਅਤੇ 9 ਵਿਦਿਆਰਥੀ ਪੰਜਾਬ ਵਿਚ ਜੱਜ ਵਜੋਂ ਸੇਵਾ ਕਰਨ ਲਈ ਚੁਣੇ ਗਏ ਹਨ।

7. ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੇਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਵਿਖੇ ਕੋਚਿੰਗ ਲੈਣ ਵਾਲੇ ਵਿਦਿਆਰਥੀਆਂ ਵਿਚੋਂ 25 ਨੇ ਪੀ.ਸੀ.ਐਸ. (ਐਗਜੈਕਟਿਵ) ਦੀ ਮੁਢਲੀ ਪ੍ਰੀਖਿਆ ਪਾਸ ਕਰ ਲਈ ਹੈ।

8. ਯੂਨੀਵਰਸਿਟੀ ਨੂੰ ਯੂਨੀਵਰਸਿਟੀ ਵਿਦ ਪੋਟੈਂਸ਼ੀਅਲ ਫਾਰ ਐਕਸੀਲੈਂਸ ਦਰਜਾ ਦੇਣ ਸਬੰਧੀ ਯੂ.ਜੀ.ਸੀ. ਦੀ ਟੀਮ ਨੇ 3 ਜਨਵਰੀ ਤੋਂ 6 ਜਨਵਰੀ, 2011 ਤੱਕ ਇਸ ਯੂਨੀਵਰਸਿਟੀ ਦਾ ਦੌਰਾ ਕੀਤਾ।
9. ਯੂਨੀਵਰਸਿਟੀ ਨੇ ਫਿਜ਼ਿਕਸ ਵਿਭਾਗ ਵਿਚ ਨੋਡਲ ਕੇਂਦਰ ਸਥਾਪਿਤ ਕਰਨ ਲਈ ਭਾਬਾ ਅਟੌਮਿਕ ਸੈਂਟਰ (ਬਾਰਕ) ਮੁੰਬਈ ਨਾਲ ਇਕ ਸਮਝੌਤਾ ਕੀਤਾ ਹੈ। ਇਸ ਕੇਂਦਰ ਦੀ ਸਥਾਪਨਾ ਨਾਲ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਰੇਡਾਨ ਗੈਸ ਬਾਰੇ ਖੋਜ ਕਰਨੀ ਸੰਭਵ ਹੋਵੇਗੀ।

10. Embassy of Islamic Republic of Iran ਦੇ Cultural Counsellor ਡਾ. ਕਰੀਮ ਨਜਾਫੀ 10 ਜਨਵਰੀ, 2011 ਨੂੰ ਇਸ ਯੂਨੀਵਰਸਿਟੀ ਵਿਖੇ ਆਏ। ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਆਲ ਇੰਡੀਆ ਪਰਸੀਅਨ ਟੀਚਰਜ਼ ਐਸੋਸੀਏਸ਼ਨ ਵਿਚਕਾਰ ਵਿਦਿਅਕ ਅਤੇ ਸਭਿਆਚਾਰਕ ਸਾਂਝ ਲਈ ਯੂਨੀਵਰਸਿਟੀ ਦੇ ਉਚ ਅਧਿਕਾਰੀਆਂ ਅਤੇ ਸੀਨੀਅਰ ਫੈਕਲਟੀ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕੀਤਾ।

11. ਡਾ. ਸੁਰਿੰਦਰ ਸਿੰਘ, ਪ੍ਰੋਫੈਸਰ, ਫਿਜ਼ਿਕਸ ਵਿਭਾਗ ਅਤੇ ਡੀਨ, ਵਿਦਿਅਕ ਮਾਮਲੇ ਨੂੰ ਇੰਡੀਆ ਇੰਟਰਨੈਸ਼ਨਲ ਫਰੈਂਡਸ਼ਿਪ ਸੁਸਾਇਟੀ ਵੱਲੋਂ ਭਾਰਤ ਜਿਓਤੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪ੍ਰੋਫੈਸਰ ਸੁਰਿੰਦਰ ਸਿੰਘ ਨੇ National Centre for Research on Earthquake Engineering, Taipei, Taiwan ਵੱਲੋਂ India-Taiwan Exchange Programme ਅਧੀਨ ਮਿਤੀ 20 ਦਸੰਬਰ, 2010 ਤੋਂ 5 ਜਨਵਰੀ, 2011 ਤੱਕ ਭੂਚਾਲਾਂ ਸਬੰਧੀ ਆਯੋਜਿਤ ਪ੍ਰੋਗਰਾਮਾਂ ਵਿਚ ਹਿੱਸਾ ਲਿਆ। ਇਹ Exchange Programme ਤਿੰਨ ਸਾਲਾਂ ਲਈ ਹੈ।

12. ਯੂਨੀਵਰਸਿਟੀ ਦੇ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਫੈਕਲਟੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਸੰਧੂ ਨੂੰ Inernational Federation of Sports Medicine (FIMS) ਦੇ ਸਿੱਖਿਆ ਕਮਿਸ਼ਨ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਪ੍ਰੋਫੈਸਰ ਸੰਧੂ ਇਕੋ-ਇਕ ਏਸ਼ੀਆਈ ਹਨ, ਜਿਨ੍ਹਾਂ ਨੂੰ ਇਸ ਕਮਿਸ਼ਨ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

13. ਪੰਜਾਬ ਸਰਕਾਰ ਨੇ ਕਾਨੂੰਨ ਵਿਭਾਗ ਦੇ ਰੀਡਰ ਅਤੇ ਮੁੱਖੀ, ਡਾ. ਜਸਪਾਲ ਸਿੰਘ ਨੂੰ ਪੰਜਾਬ ਰਾਜ ਲਈ Legal Services Authority ਦਾ ਮੈਂਬਰ ਨਾਮਜ਼ਦ ਕੀਤਾ ਹੈ।

14. ਪੰਜਾਬ ਸਾਹਿਤ ਕਲਾ ਪ੍ਰੀਸ਼ਦ, ਮਲੇਰਕੋਟਲਾ ਵੱਲੋਂ 28 ਨੰਵਬਰ ਨੂੰ ਮਾਤਾ ਸਾਹਿਬ ਕੌਰ ਕਾਲਜ ਫਾਰ ਗਰਲਜ਼, ਅਮਰਗੜ੍ਹ, ਜ਼ਿਲ੍ਹਾ ਸੰਗਰੂਰ ਵਿਖੇ ਪ੍ਰੋਫੈਸਰ ਹਰਿਭਜਨ ਸਿੰਘ ਭਾਟੀਆ ਨੂੰ ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਆਲੋਚਨਾ ਪੁਰਸਕਾਰ 2010 ਪ੍ਰਦਾਨ ਕੀਤਾ ਗਿਆ ਹੈ।

15. ਅਪਲਾਈਡ ਕੈਮੀਕਲ ਸਾਇੰਸਜ਼ ਐਂਡ ਟੈਕਨਾਲੌਜੀ ਵਿਭਾਗ ਦੀ ਪ੍ਰੋਫੈਸਰ, ਡਾ. ਸਤਿੰਦਰ ਕੌਰ ਨੂੰ International Commission for Uniform Methods of Sugar Analysis ਦਾ ਐਸੋਸੀਏਟ ਰੈਫਰੀ ਨਿਯੁਕਤ ਕੀਤਾ ਗਿਆ ਹੈ।

16. Chemical Research Society of India, Bangalore ਵੱਲੋਂ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਦੇ ਰੀਡਰ, ਡਾ. ਪਲਵਿੰਦਰ ਸਿੰਘ ਨੂੰ CRSI Best Teacher Award ਲਈ ਚੁਣਿਆ ਗਿਆ ਹੈ। ਉਨ੍ਹਾਂ ਨੂੰ ਇਹ ਅਵਾਰਡ CRSI ਦੇ ਭੁਬਨੇਸ਼ਵਰ ਵਿਖੇ ਮਿਤੀ 4-6 ਫਰਵਰੀ, 2011 ਨੂੰ ਹੋਣ ਵਾਲੇ ਸਾਲਾਨਾ ਸਿੰਪੋਜ਼ੀਅਮ ਵਿਖੇ ਦਿੱਤਾ ਜਾਣਾ ਹੈ।

17. ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੌਜੀ ਵਿਭਾਗ ਵੱਲੋਂ ਇਸ ਯੂਨੀਵਰਸਿਟੀ ਦੇ ਫੂਡ ਸਾਇੰਸ ਅਤੇ ਟੈਕਨਾਲੌਜੀ ਵਿਭਾਗ ਦੇ ਪ੍ਰੋਫੈਸਰ ਨਰਪਿੰਦਰ ਸਿੰਘ ਨੂੰ J.C. Bose Fellowship ਦੇਣ ਲਈ ਚੁਣਿਆ ਗਿਆ ਹੈ।

18. ਰਾਂਚੀ ਵਿਖੇ ਧਰਤੀ ਦੀ ਵਿਭਿੰਨਤਾ ਤੇ ਕੁਦਰਤੀ ਸੋਮਿਆ ਦੀ ਸੰਭਾਲ 'ਤੇ ਹੋਈ ਤੀਜੀ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਦੀ ਲੈਕਚਰਾਰ ਡਾ. ਜਤਿੰਦਰ ਕੌਰ ਨੂੰ ਵਧੀਆ ਮਹਿਲਾ ਸਾਇੰਸਦਾਨ ਦਾ ਅਵਾਰਡ; ਖੋਜਾਰਥੀ ਤਰੁਨਪ੍ਰੀਤ ਸਿੰਘ ਨੂੰ ਵਧੀਆ ਪੇਸ਼ਕਾਰੀ ਦੇਣ ਸਦਕਾ ਨੌਜਵਾਨ ਵਿਗਿਆਨੀ ਪੁਰਸਕਾਰ; ਅਤੇ ਵਿਭਾਗ ਦੀਆਂ ਵਿਦਿਆਰਥਣਾਂ ਸਿਮਰਪ੍ਰੀਤ ਕੌਰ ਅਤੇ ਰਾਜਵੰਤ ਕੌਰ ਨੂੰ ਵਧੀਆ ਪੋਸਟਰ ਪੇਸ਼ਕਾਰੀ ਪੁਰਸਕਾਰ ਦਿੱਤਾ ਗਿਆ।

19. ਕਾਨੂੰਨ ਵਿਭਾਗ ਵੱਲੋਂ 8 ਅਤੇ 9 ਨਵੰਬਰ, 2010 ਨੂੰ ਕਾਰਪੋਰੇਟ ਲਾਅ,ਸਾਈਬਰ ਲਾਅ ਤੇ ਇੰਟਲੈਕਚੂਅਲ ਪ੍ਰਾਪਰਟੀ ਲਾਅ ਵਿਸ਼ੇ 'ਤੇ ਦੋ ਦਿਨਾ ਵਰਕਸ਼ਾਪ ਆਯੋਜਿਤ ਕੀਤੀ ਗਈ।

20. ਯੂਨੀਵਰਸਿਟੀ ਦੀ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਵੱਲੋਂ 18 ਨਵੰਬਰ, 2010 ਨੂੰ ਨਾਮਧਾਰੀ ਗੁਰੂ ਰਾਮ ਸਿੰਘ ਦੀ ਜੀਵਨੀ ਸੰਬੰਧੀ ਇਕ-ਦਿਨਾ ਸਿੰਪੋਜ਼ੀਅਮ ਕਰਵਾਇਆ ਗਿਆ।

21. ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ 22-23 ਨਵੰਬਰ, 2010 ਨੂੰ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ Contribution of Guru Nanak's Bani to Global Spiritualism ਵਿਸ਼ੇ 'ਤੇ ਦੋ ਦਿਨਾਂ 25ਵਾਂ ਸਲਾਨਾ ਸੈਮੀਨਾਰ ਅਯੋਜਿਤ ਕੀਤਾ ਗਿਆ।

22. ਯੂਨੀਵਰਿਸਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਇੰਡੀਅਨ ਕੌਂਸਿਲ ਆਫ਼ ਫਿਲਾਸਫੀਕਲ ਰੀਸਰਚ, ਨਵੀਂ ਦਿੱਲੀ ਦੇ ਸਹਿਯੋਗ ਨਾਲ 26 ਨਵੰਬਰ, 2010 ਨੂੰ ਅਜੋਕੇ ਵਿਸ਼ਵ ਵਿਚ ਫਿਲਾਸਫ਼ੀ ਦਾ ਭਵਿੱਖ ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ।

23. ਯੂਨੀਵਰਸਿਟੀ ਦੇ ਅਪਲਾਈਡ ਕੈਮੀਕਲ ਸਾਇੰਸਜ਼ ਤੇ ਟੈਕਨਾਲੋਜੀ ਵਿਭਾਗ ਵੱਲੋਂ ਜਰਮਨੀ ਦੀ ਥਰਮੋ ਫਿਸ਼ਰ ਸੈਂਟੇਫਿਕ ਕੰਪਨੀ ਦੇ ਸਹਿਯੋਗ ਨਾਲ 3 ਦਸੰਬਰ, 2010 ਨੂੰ ਪਦਾਰਥ-ਧਾਰਾ ਵਿਗਿਆਨ ਦੀ ਖੁਰਾਕ , ਖੰਡ ਅਤੇ

ਦੁਆਈਆਂ ਦੀ ਖੋਜ ਵਿਚ ਇਕ ਨਵੀਂ ਸੰਭਾਵਨਾ ਵਿਸ਼ੇ 'ਤੇ ਇਕ ਰੋਜਾ ਸੈਮੀਨਾਰ ਕਰਵਾਇਆ ਗਿਆ।

24. ਯੂਨੀਵਰਸਿਟੀ ਦੀ ਗੁਰੂ ਰਵਿਦਾਸ ਚੇਅਰ ਵੱਲੋਂ 10 ਦਸੰਬਰ ਨੂੰ ਗੁਰੂ ਰਵਿਦਾਸ-ਬਾਣੀ ਦੇ ਮੂਲ ਮੁੱਦੇ ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ।

25. ਯੂਨੀਵਰਸਿਟੀ ਦੇ ਪੋਲੀਟੀਕਲ ਸਾਇੰਸ ਵਿਭਾਗ ਵੱਲੋਂ ਕੈਨੇਡਾ ਦੀ ਮੈਂਬਰ ਪਾਰਲੀਮੈਂਟ ਮਿਸ ਰੂਬੀ ਢੱਲਾ ਦਾ 18 ਜਨਵਰੀ, 2011 ਨੂੰ ਕੈਨੇਡਾ ਵਿਚ ਸੰਸਦੀ ਲੋਕਤੰਤਰ ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਇਸ ਵਿਭਾਗ ਵੱਲੋਂ ਕੈਨੇਡਾ ਦੇ ਸਰੀ ਸ਼ਹਿਰ ਵਿਖੇ ਸਥਿਤ ਕੁਆਂਟਲਿਨ ਪੋਲੀਟੈਕਨੀਕ ਯੂਨੀਵਰਸਿਟੀ ਦੇ ਪੋਲੀਟੀਕਲ ਸਾਇੰਸ ਵਿਭਾਗ ਦੇ ਪ੍ਰੋਫੈਸਰ ਸ਼ਿੰਦਰ ਪੁਰੇਵਾਲ ਦਾ 17 ਜਨਵਰੀ, 2011 ਨੂੰ ਸਮਕਾਲੀਨ ਸਮੇਂ ਵਿਚ ਬਹੁ-ਸਭਿਆਚਾਰਵਾਦ ਵਿਸ਼ੇ 'ਤੇ ਭਾਸ਼ਣ ਆਯੋਜਿਤ ਕੀਤਾ ਗਿਆ।

26. ਪੰਜਾਬੀ ਅਧਿਐਨ ਸਕੂਲ ਵੱਲੋਂ 20 ਜਨਵਰੀ, 2011 ਨੂੰ ਵੈਦਿਕ ਕਾਲ ਦੇ ਪੰਜਾਬ ਵਿਚ ਆਦਰਸ਼ ਸਮਾਜ ਦਾ ਸੰਕਲਪ ਵਿਸ਼ੇ 'ਤੇ ਸਰਦਾਰਨੀ ਬਲਬੀਰ ਕੌਰ ਬਰਾੜ ਯਾਦਗਾਰੀ ਭਾਸ਼ਣ ਆਯੋਜਿਤ ਕੀਤਾ ਗਿਆ।

27. 16ਵੀਂ ਏਸ਼ੀਅਨ ਮਾਸਟਰਜ਼ ਐਥਲੈਟਿਕਸ ਚੈਂਪੀਅਨਸ਼ਿਪ ਜੋ ਕਿ ਕੁਆਲਾਲੰਪੁਰ, ਮਲੇਸ਼ੀਆ ਵਿਖੇ ਹੋਈ, ਵਿਚ ਇਸ ਯੂਨੀਵਰਸਿਟੀ ਦੇ ਫਿਜ਼ੀਕਲ ਐਜੂਕੇਸ਼ਨ ਵਿਭਾਗ (ਟੀਚਿੰਗ) ਦੇ ਮੁਖੀ ਸੁਖਦੇਵ ਸਿੰਘ ਨੇ 45 ਸਾਲ ਵਰਗ ਦੀ ਤੀਹਰੀ ਛਾਲ ਈਵੈਂਟਸ ਵਿਚ ਸੋਨ ਤਗਮਾ ਹਾਸਿਲ ਕੀਤਾ। ਇਸ ਤੋਂ ਇਲਾਵਾ ਸੁਰੱਖਿਆ ਵਿਭਾਗ ਦੇ ਕਰਮਚਾਰੀ ਸ: ਸਵਰਨ ਸਿੰਘ ਨੇ ਵੀ ਪੰਜਾਬ ਸਰਕਾਰ ਵੱਲੋਂ 20-21 ਦਸੰਬਰ ਨੂੰ ਮਸਤੂਆਣਾ ਵਿਖੇ ਆਯੋਜਿਤ ਖੇਡਾਂ ਵਿਚ ਪੰਜ ਕਿਲੋਮੀਟਰ ਵਾਕ ਵਿਚ ਪਹਿਲਾ ਸਥਾਨ ਹਾਸਿਲ ਕੀਤਾ ਹੈ।

**ਸਿੰਡੀਕੇਟ ਵੱਲੋਂ ਉਕਤ ਪ੍ਰਾਪਤੀਆਂ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।**

28. ਯੂਨੀਵਰਸਿਟੀ ਦੇ ਕਰਮਚਾਰੀਆਂ ਦੀ ਸਹੂਲਤ ਲਈ ਯੂਨੀਵਰਸਿਟੀ ਦੇ ਹੈਲਥ ਸੈਂਟਰ ਵਿਖੇ ਐਕਸ-ਰੇ ਮਸ਼ੀਨ ਲਗਾਈ ਗਈ ਹੈ।

29. ਵਿਦਿਆਰਥੀਆਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਦੁਆਰਾ ਪ੍ਰਾਪਤ ਕੀਤੇ ਅੰਕਾ ਦਾ ਵੇਰਵਾ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਦਿੱਤਾ ਜਾਣਾ ਸ਼ੁਰੂ ਕੀਤਾ ਗਿਆ ਹੈ। ਇਹ ਸਹੂਲਤ ਵਿਦਿਆਰਥੀ ਐਸ. ਐਮ.ਐਸ. ਰਾਹੀਂ ਵੀ ਲੈ ਸਕਦੇ ਹਨ।

30. ਯੂਨੀਵਰਸਿਟੀ ਦੇ ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਯੂਨੀਵਰਸਿਟੀ ਵਿਖੇ ਸਟੇਟ ਬੈਂਕ ਆਫ ਪਟਿਆਲਾ ਦੀ ਸ਼ਾਖਾ ਖੋਲ੍ਹੀ ਗਈ ਹੈ।

31. ਵਿਦਿਅਕ ਸੈਸ਼ਨ 2011-12 ਤੋਂ ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ ਵਿਚ ਪੋਸਟ-ਗ੍ਰੈਜੂਏਟ ਕੋਰਸਾਂ ਲਈ ਸਮੈਸਟਰ ਸਿਸਟਮ ਲਾਗੂ ਕਰਨ ਦਾ ਨਿਰਣਾ ਲਿਆ ਗਿਆ ਹੈ।

32. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀ ਲਾਡੋਵਾਲੀ ਰੋਡ ਵਿਖੇ ਪੁਰਾਣੀ ਬਿਲਡਿੰਗ, ਜੋ ਕਿ ਪੰਜਾਬ ਸਰਕਾਰ ਵੱਲੋਂ ਇਸ ਯੂਨੀਵਰਸਿਟੀ ਨੂੰ ਸੌਂਪੀ ਗਈ ਹੈ, ਵਿਖੇ ਸ਼ਿਫਟ ਕਰ ਦਿੱਤਾ ਗਿਆ ਹੈ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤੱਸਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਤੇ ਬਿਜ਼ਨੇਸ ਮੈਨੇਜਮੈਂਟ ਵਿਭਾਗ ਵੱਲੋਂ ਇਨਟਰਨਲ ਅਸੈਸਮੈਂਟ ਭੇਜਣ ਸਬੰਧੀ ਬੇ-ਨਿਯਮੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

36. ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਇਨਟਰਨਲ ਅਸੈਸਮੈਂਟ ਭੇਜਣ ਸਬੰਧੀ ਬੇਨਿਯਮੀਆਂ ਕਾਰਣ ਸਪਸ਼ਟੀਕਰਨ ਦੇਣ ਹਿਤ ਉਸ ਨੂੰ ਜਾਰੀ ਪੱਤਰ ਨੰ: 8653/PS ਮਿਤੀ 10.9.2010 (**ਅੰਤਿਕਾ-I**) ਸਬੰਧੀ ਉਸ ਵੱਲੋਂ ਪ੍ਰਾਪਤ ਉੱਤਰ 1119/CBM ਮਿਤੀ 16.9.2010 (**ਅੰਤਿਕਾ-II**) ਅਤੇ ਪੜਤਾਲੀਆ ਅਫਸਰ ਦੀ ਰਿਪੋਰਟ ਮਿਤੀ 20.9.2010 (**ਅੰਤਿਕਾ-III**) ਨੂੰ ਮੁੱਖ ਰੱਖਦਿਆਂ ਡਾ. ਜੀ.ਐਸ. ਭੱਲਾ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਤੇ ਵਿਚਾਰ ਹੋਈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

ਨੋਟ:- ਮੁਖੀ ਵਿਭਾਗ ਵੱਲੋਂ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਨੂੰ ਪੱਤਰ ਨੰ: 925/CBM ਮਿਤੀ 2.7.2010 ਅਤੇ 937/CBM ਮਿਤੀ 8.7.2010 (**ਅੰਤਿਕਾ-IV**) ਭੇਜੇ ਗਏ। ਮੁਖੀ ਵਿਭਾਗ ਦੀ ਰਿਪੋਰਟ (**ਅੰਤਿਕਾ-V**) ਅਨੁਸਾਰ ਪੱਤਰਾਂ ਵਿਚ ਉਠਾਏ ਨੁਕਤਿਆਂ ਬਾਰੇ ਉਸ ਵੱਲੋਂ ਉਚਿਤ ਜਵਾਬ ਨਹੀਂ ਦਿੱਤਾ ਜਾ ਰਿਹਾ ਅਤੇ ਬਾਰ-ਬਾਰ ਅਜਿਹੇ ਨੁਕਤੇ ਉਠਾਏ ਗਏ, ਜਿਸ ਦਾ ਸਬੰਧ ਇਨ੍ਹਾਂ ਪੱਤਰਾਂ ਨਾਲ ਬਿਲਕੁਲ ਨਹੀਂ ਹੈ ਅਤੇ ਰਿਪੋਰਟ ਮੁਕੰਮਲ ਕਰਨ ਹਿਤ ਉਸ ਵੱਲੋਂ Co-operate ਨਹੀਂ ਕੀਤਾ ਜਾ ਰਿਹਾ। ਕੇਸ ਦੀ ਪੜਤਾਲ ਹਿਤ ਪੜਤਾਲੀਆ ਅਫਸਰ ਦੀ ਰਿਪੋਰਟ ਦਾ ਸਾਰ ਹੇਠ ਲਿਖੇ ਅਨੁਸਾਰ ਹੈ:-

"Dr. G.S. Bhalla's conduct has been casual and irresponsible for awarding internal assessment to students whom he did not teach and not maintaining the detailed record of the different segments of the internal assessment tantamount to dereliction of duty."

ਕੇਸ 'ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਇਨਟਰਨਲ ਅਸੈਸਮੈਂਟ ਭੇਜਣ ਸਬੰਧੀ ਬੇਨਿਯਮੀਆਂ ਕਾਰਣ ਸਪਸ਼ਟੀਕਰਨ ਦੇਣ ਹਿਤ ਉਸ ਨੂੰ ਜਾਰੀ ਪੱਤਰ ਨੰ: 8653/PS ਮਿਤੀ 10.9.2010 (**ਅੰਤਿਕਾ-I**) ਸਬੰਧੀ ਉਸ ਵੱਲੋਂ ਪ੍ਰਾਪਤ ਉੱਤਰ 1119/CBM ਮਿਤੀ 16.9.2010 (**ਅੰਤਿਕਾ-II**) ਅਤੇ ਪੜਤਾਲੀਆ ਅਫਸਰ ਦੀ

ਰਿਪੋਰਟ ਮਿਤੀ 20.9.2010 (**ਅੰਤਿਕਾ-III**) ਨੂੰ ਮੁੱਖ ਰੱਖਦਿਆਂ ਡਾ. ਜੀ.ਐਸ. ਭੱਲਾ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਡਾ. ਰਜਨੀ ਵਰਮਾ, ਮੁਖੀ ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਇਨਕੁਆਰੀ ਸਬੰਧੀ ਪੜਤਾਲੀਆ ਅਫਸਰ ਦੀ ਰਿਪੋਰਟ, ਪ੍ਰਸ਼ਾਸਕੀ ਜਿੰਮੇਵਾਰੀ ਨਾ ਸੌਂਪਣ ਅਤੇ ਤਾੜਨਾ ਕਰਨ ਦੀ ਪਰਵਾਨਗੀ।**

37. ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਮਿਸਿਜ਼ ਸੁਮਨ ਅਗਨੀਹੋਤਰੀ ਨੂੰ ਐਲ.ਐਲ.ਐਮ. ਸਮੈਸਟਰ ਦੂਜਾ ਵਿਚ ਰੈਗੂਲਰ ਦਾਖਲਾ ਦੇਣ ਉਪਰੰਤ ਡਾ. ਰਜਨੀ ਵਰਮਾ, ਮੁਖੀ ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ, ਵੱਲੋਂ ਯੂਨੀਵਰਸਿਟੀ ਨਿਯਮਾਂ ਵਿਰੁੱਧ ਉਕਤ ਵਿਦਿਆਰਥਣ ਦਾ ਨਾਮ ਰਜਿਸਟਰ ਵਿੱਚੋਂ ਕੱਟਣ ਕਰਕੇ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੁਆਰਾ ਕੇਸ ਦੀ ਮੁਢਲੀ ਪੜਤਾਲ ਦੇ ਫਲਸਰੂਪ ਸਿੰਡੀਕੇਟ ਦੀ ਇੱਕਤਰਤਾ ਮਿਤੀ 26.6.2008 ਦੇ ਪੈਰਾ 13 (**ਅੰਤਿਕਾ-I**) ਰਾਹੀਂ ਡਾ. ਰਜਨੀ ਵਰਮਾ ਨੂੰ ਮੁਅੱਤਲ ਕਰਨ, ਚਾਰਜਸ਼ੀਟ ਜਾਰੀ ਕਰਨ ਅਤੇ full dress ਇਨਕੁਆਰੀ ਕਰਾਉਣ ਦਾ ਨਿਰਣਾ ਲਿਆ ਗਿਆ ਸੀ, ਸਬੰਧੀ ਪੜਤਾਲੀਆ ਅਫਸਰ ਦੀ ਰਿਪੋਰਟ (**ਅੰਤਿਕਾ-II**) ਉੱਤੇ ਵਿਚਾਰ ਹੋਈ।

ਕੇਸ 'ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ਾਂ ਅਨੁਸਾਰ ਮਿਸਿਜ਼ ਸੁਮਨ ਅਗਨੀਹੋਤਰੀ ਨੂੰ ਐਲ.ਐਲ.ਐਮ. ਸਮੈਸਟਰ ਦੂਜਾ ਵਿਚ ਰੈਗੂਲਰ ਦਾਖਲਾ ਦੇਣ ਉਪਰੰਤ ਡਾ. ਰਜਨੀ ਵਰਮਾ, ਮੁਖੀ ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ, ਵੱਲੋਂ ਯੂਨੀਵਰਸਿਟੀ ਨਿਯਮਾਂ ਵਿਰੁੱਧ ਉਕਤ ਵਿਦਿਆਰਥਣ ਦਾ ਨਾਮ ਰਜਿਸਟਰ ਵਿੱਚੋਂ ਕੱਟਣ ਕਰਕੇ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੁਆਰਾ ਕੇਸ ਦੀ ਮੁਢਲੀ ਪੜਤਾਲ ਦੇ ਫਲਸਰੂਪ ਸਿੰਡੀਕੇਟ ਦੀ ਇੱਕਤਰਤਾ ਮਿਤੀ 26.6.2008 ਦੇ ਪੈਰਾ 13 (**ਅੰਤਿਕਾ-I**) ਰਾਹੀਂ ਡਾ. ਰਜਨੀ ਵਰਮਾ ਨੂੰ ਮੁਅੱਤਲ ਕਰਨ, ਚਾਰਜਸ਼ੀਟ ਜਾਰੀ ਕਰਨ ਅਤੇ full dress ਇਨਕੁਆਰੀ ਕਰਾਉਣ ਦਾ ਨਿਰਣਾ ਲਿਆ ਗਿਆ ਸੀ, ਸਬੰਧੀ ਪੜਤਾਲੀਆ ਅਫਸਰ ਦੀ ਰਿਪੋਰਟ (**ਅੰਤਿਕਾ-II**) ਪਰਵਾਨ ਕੀਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਡਾ. ਰਜਨੀ ਵਰਮਾ ਨੂੰ ਕੋਈ ਵੀ ਪ੍ਰਸ਼ਾਸਕੀ ਜਿੰਮੇਵਾਰੀ ਨਹੀਂ ਦਿੱਤੀ ਜਾਵੇਗੀ ਅਤੇ ਉਸ ਨੂੰ ਇਕ ਆਦਰਸ਼ ਅਧਿਆਪਕ ਦੀ ਤਰ੍ਹਾਂ ਵਿਵਹਾਰ ਕਰਨ ਲਈ ਤਾੜਨਾ (Warning) ਕੀਤੀ ਜਾਵੇ।

**ਵਾਪਸ ਲਈ ਗਈ ਮੱਦ।**

38. ਹੇਠ ਲਿਖੀ ਮੱਦ ਵਾਪਸ ਲਈ ਗਈ:-

"ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨੀ ਜਿਸ ਰਾਹੀਂ ਉਨ੍ਹਾਂ ਨੇ ਵਿਤ ਮੰਤਰਾਲਯ, ਭਾਰਤ ਸਰਕਾਰ ਦੇ ਪੱਤਰ F.No. 7/14/2010-E-III (A) ਮਿਤੀ 5.7.2010 (**ਅੰਤਿਕਾ**) ਦੇ ਅਧਾਰ ਤੇ ਇਸ ਯੂਨੀਵਰਸਿਟੀ ਵਿਖੇ ਅਧਿਆਪਕ ਅਤੇ ਉਸ ਦੇ ਬਰਾਬਰ ਕੇਡਰਾਂ ਨੂੰ ਨਵੇਂ ਤਨਖਾਹ ਸਕੇਲਾਂ ਸਬੰਧੀ ਪਹਿਲਾ ਦਿੱਤੀ ਹੋਈ ਆਪਸ਼ਨ ਮਿਤੀ 31.12.2010 ਤੱਕ ਸੋਧਣ ਦੀ ਪਰਵਾਨਗੀ ਦਿੱਤੀ ਹੈ।"

**ਮਿਤੀ 1.4.2011 ਤੋਂ 31.3.2012 ਤੱਕ ਅਧਿਆਪਕਾਂ ਨੂੰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

39. ਮਿਤੀ 1.4.2011 ਤੋਂ 31.3.2012 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਤੇ ਵਿਚਾਰ ਹੋਈ:-

| ਲੜੀ ਨੰ: | ਅਹੁਦਾ |
|---|---|
| (ੳ) 1. | ਡੀਨ, ਅਕਾਦਮਿਕ ਮਾਮਲੇ |
| 2. | ਡੀਨ, ਵਿਦਿਆਰਥੀ ਭਲਾਈ |
| 3. | ਡੀਨ, ਅਲੁਮਨੀ ਐਸੋਸੀਏਸ਼ਨ |

ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ

1. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ

2. ਐਸੋਸੀਏਟ ਡੀਨ, ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ

(ਅ) 1. Co-ordinator, Centre for study of Social Exclusion Inclusion Policy
2. ਡਾਇਰੈਕਟਰ, ਹਾਸਪੀਟੈਲਿਟੀ
3. ਡਾਇਰੈਕਟਰ, ਅਕਾਦਮਿਕ ਸਟਾਫ ਕਾਲਜ
4. Director, AIS Centre
5. Director, Department of Life-Long Learning
6. ਡਾਇਰੈਕਟਰ, ਰਿਸਰਚ
7. ਡਾਇਰੈਕਟਰ, ਡਿਸਟੈਂਸ ਐਜੂਕੇਸ਼ਨ
8. ਕੋਆਰਡੀਨੇਟਰ, ਐਜੂਸੈਟ
9. ਪ੍ਰੋਫੈਸਰ ਇੰਚਾਰਜ਼, ਵਿਤ ਤੇ ਵਿਕਾਸ
10. Co-ordinator University Linkage Programme
11. Nodel Officer IPRs Cell
12. ਪ੍ਰੋਫੈਸਰ ਇੰਚਾਰਜ਼, ਪ੍ਰੀਖਿਆਵਾਂ
13. Professor Incharge (PRO)
14. Professor Incharge (Publication Bureau)
15. Dean, College & Development Council
16. ਡਾਇਰੈਕਟਰ, ਗੁਰੂ ਨਾਨਕ ਸਟੱਡੀ ਸੈਂਟਰ
17. Professor Incharge (Central Time-Table Grading System)
18. Reader, Academic Staff College
19. ਪ੍ਰੋਫੈਸਰ ਇੰਚਾਰਜ਼, ਹੈਰੀਟੇਜ ਮਿਊਜ਼ੀਅਮ
20. ਇੰਚਾਰਜ਼, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ

**ਪਾਸ ਹੋਇਆ** ਕਿ ਮਿਤੀ 1.4.2011 ਤੋਂ 31.3.2012 ਤੱਕ, ਇਕ ਸਾਲ ਦੇ ਸਮੇਂ ਲਈ ਅਧਿਆਪਕਾਂ ਨੂੰ ਉਕਤ ਅਨੁਸਾਰ ਵੱਖ-ਵੱਖ ਜਿੰਮੇਵਾਰੀਆਂ ਸੌਂਪਣ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 16.12.2010 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 16.12.2010 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਡਿਸਟੈਂਸ ਐਜੂਕੇਸ਼ਨ ਅਧੀਨ ਸੈਸ਼ਨ 2010-11 ਲਈ ਸਥਾਪਿਤ ਕੀਤੇ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸਾਂ ਦੀ ਪਰਵਾਨਗੀ।

41. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਿਸਟੈਂਸ ਐਜੂਕੇਸ਼ਨ ਅਧੀਨ ਸੈਸ਼ਨ 2010-11 ਲਈ ਸਥਾਪਿਤ ਕੀਤੇ ਐਸੋਸੀਏਟ ਇੰਸਟੀਚਿਊਟ ਅਤੇ ਉਨ੍ਹਾਂ ਨੂੰ ਅਲਾਟ ਕੀਤੇ ਕੋਰਸ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਜਾਂਦੇ ਹਨ।

ਸੈਸ਼ਨ 2011-12 ਤੋਂ Environmental Studies (Compulsory) ਵਿਸ਼ੇ ਲਈ ਥਿਊਰੀ ਪੇਪਰ 100 ਅੰਕਾਂ ਦਾ ਕਰਨ ਦੀ ਪਰਵਾਨਗੀ।

42. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੀ ਮੱਦ 'G' ਦੇ ਪੈਰਾ 3(12) ਦੀ ਸਿਫਾਰਸ਼ ਤੇ ਵਿਚਾਰ ਹੋਈ ਕਿ ਸੈਸ਼ਨ 2011-12 ਤੋਂ Environmental Studies (Compulsory) ਵਿਸ਼ੇ ਲਈ ਥਿਊਰੀ ਪੇਪਰ 100 ਅੰਕਾਂ ਦਾ ਹੋਵੇਗਾ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ: ਜਾਣਕਾਰੀ ਹਿਤ ਕਿ ਸੈਸ਼ਨ 2007-08 ਤੋਂ ਸ਼ੁਰੂ ਹੋਏ EVS ਲਾਜ਼ਮੀ ਪੇਪਰ ਲਈ 75 ਅੰਕ ਥਿਊਰੀ ਅਤੇ 25 ਅੰਕ Field Study (Practical) ਲਈ ਨਿਸ਼ਚਿਤ ਸਨ, ਪਰੰਤੂ ਸੈਸ਼ਨ 2009-10 ਤੋਂ ਪ੍ਰਾਈਵੇਟ ਵਿਦਿਆਰਥੀਆਂ ਲਈ Field Study ਵਾਲਾ ਹਿੱਸਾ ਖਤਮ

ਕਰ ਦਿੱਤਾ ਗਿਆ ਅਤੇ ਥਿਊਰੀ ਪੇਪਰ 100 ਅੰਕ ਦਾ ਕਰ ਦਿੱਤਾ ਗਿਆ ਹੈ। ਸੈਸ਼ਨ 2011-12 ਤੋਂ ਪ੍ਰਾਈਵੇਟ ਅਤੇ ਰੈਗੂਲਰ ਵਿਦਿਆਰਥੀਆਂ ਲਈ ਉਕਤ ਪੇਪਰ ਵਿਚ ਥਿਊਰੀ ਪੇਪਰ ਦੇ 100 ਅੰਕ ਕਰ ਦਿੱਤੇ ਗਏ ਹਨ।

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੀ ਮੱਦ 'G' ਦੇ ਪੈਰਾ 3(12) ਦੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ ਕਿ ਸੈਸ਼ਨ 2011-12 ਤੋਂ Environmental Studies (Compulsory) ਵਿਸ਼ੇ ਲਈ ਥਿਊਰੀ ਪੇਪਰ 100 ਅੰਕਾਂ ਦਾ ਹੋਵੇਗਾ।

ਫਿਜਿਕਸ ਵਿਭਾਗ ਦੇ ਨਕਾਰਾ ਅਤੇ ਨਾ-ਮੁਰੰਮਤਯੋਗ ਯੰਤਰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਫਿਜਿਕਸ ਵਿਭਾਗ ਵਿਖੇ ਵੱਖ-ਵੱਖ ਸਮੇਂ ਖਰੀਦੇ 396703.76/- ਰੁਪਏ ਕੀਮਤ ਦੇ ਯੰਤਰ ਜੋ ਲੰਮੇਂ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 1999, ਜਿਲਦ ਪਹਿਲੀ ਦੇ ਪੰਨਾ 123-125 ਉਤੇ ਦਰਜ ਸਟੈਚਿਊਟ 26(b)(5) ਅਧੀਨ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 18.1.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਸਮੀਤਾ ਚੌਹਾਨ ਨੂੰ ਐਮ.ਫਿਲ.(ਇਕਨਾਮਿਕਸ) ਦਾ ਖੋਜ ਨਿਬੰਧ ਵਿਸ਼ੇਸ਼ ਜੁਰਮਾਨੇ ਸਹਿਤ ਜਮ੍ਹਾਂ ਕਰਾਉਣ ਦੀ ਪਰਵਾਨਗੀ ।

44. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਫਿਲ.(ਇਕਨਾਮਿਕਸ) ਸੈਸ਼ਨ 2006-07 ਦੀ ਵਿਦਿਆਰਥਣ-ਸਮੀਤਾ ਚੌਹਾਨ, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 26.7.2008 ਤੱਕ ਆਪਣਾ ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕੀ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ, ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਨਾਨ-ਗੋਰਮਿੰਟ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਹਾਊਸ ਰੈਂਟ ਦੇਣ ਦੀ ਪਰਵਾਨਗੀ।

45. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਜਿਹੇ ਨਾਨ-ਗੋਰਮਿੰਟ ਕਾਲਜ ਜਿਨ੍ਹਾਂ ਵਿਚ ਪ੍ਰਿੰਸੀਪਲਾਂ ਦੀ ਰਿਹਾਇਸ਼ ਦਾ ਪ੍ਰਬੰਧ ਨਾ ਹੋਵੇ, ਦੇ ਪ੍ਰਿੰਸੀਪਲਾਂ ਨੂੰ ਵਿਤ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 4/7/09-2FP1/374 ਮਿਤੀ 12.8.2009 (**ਅੰਤਿਕਾ**) ਦੇ ਅਧਾਰ ਤੇ ਹਾਊਸ ਰੈਂਟ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਵਿਅਕਤੀਆਂ ਦੀ ਸਹਾਇਕ ਰਜਿਸਟਰਾਰ ਵਜੋਂ ਪੱਦ-ਉਨਤੀ ਦੀ ਪੁਸ਼ਟੀ।**

46. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨਾਂ ਨੇ-

(1) ਸ੍ਰੀ ਮਨਜੀਤ ਸਿੰਘ, ਸਹਾਇਕ ਰਜਿਸਟਰਾਰ ਜਿਨ੍ਹਾਂ ਨੂੰ ਸ੍ਰੀ ਜਸਪਾਲ ਸਿੰਘ, ਸਹਾਇਕ ਰਜਿਸਟਰਾਰ ਦੀ ਛੁੱਟੀ ਦੌਰਾਨ ਲੀਵ ਅਰੇਂਜਮੈਂਟ ਅਧੀਨ ਪੱਦ-ਉਨਤ ਕੀਤਾ ਗਿਆ ਸੀ, ਨੂੰ ਸ. ਸੰਤ ਸਿੰਘ, ਸਹਾਇਕ ਰਜਿਸਟਰਾਰ ਦੀ ਖਾਲ੍ਹੀ ਹੋਈ ਅਸਾਮੀ ਉਤੇ ਮਿਤੀ 1.1.2011 ਤੋਂ ਐਡਜਸਟ ਕਰਨ ਦੀ ਪਰਵਾਨਗੀ ਦਿੱਤੀ ਹੈ।

(2) ਸ੍ਰੀਮਤੀ ਤੇਜਿੰਦਰ ਕੌਰ, ਨਿਗਰਾਨ, ਪਬਲੀਕੇਸ਼ਨ ਬਿਊਰੋ ਨੂੰ ਸ. ਮੇਹਰ ਸਿੰਘ, ਸਹਾਇਕ ਰਜਿਸਟਰਾਰ ਦੀ ਖਾਲ੍ਹੀ ਹੋਈ ਅਸਾਮੀ ਉੱਤੇ ਰੁ. 10300-34800+ 5400 ਗ੍ਰੇਡ ਪੇ ਦੇ ਤਨਖਾਹ ਸਕੇਲ ਵਿਚ ਸਹਾਇਕ ਰਜਿਸਟਰਾਰ ਵਜੋਂ ਪੱਦ-ਉਨਤ ਕੀਤਾ ਹੈ। ਉਨ੍ਹਾਂ ਦੀ ਪੱਦ-ਉਨਤੀ ਡਿਊਟੀ ਤੇ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

**ਡੀਨ, ਵਿਦਿਆਰਥੀ ਭਲਾਈ ਦੇ ਸਟੋਰ ਵਿਚ ਪਈਆਂ dresses ਨੂੰ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।**

47. ਡੀਨ, ਵਿਦਿਆਰਥੀ ਭਲਾਈ ਦੇ ਸਟੋਰ ਵਿਚ ਸਭਿਆਚਾਰਕ ਆਈਟਮਾਂ ਨਾਲ ਸਬੰਧਤ ਪੁਰਾਣੀਆਂ dresses ਜੋ perishable ਹਨ ਅਤੇ ਲੇਅ ਖਾ ਚੁਕੀਆਂ ਹਨ, ਨੂੰ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 14.1.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਉਤੇ ਵਿਚਾਰ ਹੋਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ: ਇਹ ਡਰੈਸਾਂ ਵੱਖ-ਵੱਖ ਸਮੇਂ ਕੱਪੜਾ ਖਰੀਦ ਕੇ ਆਪ ਤਿਆਰ ਕਰਵਾਈਆਂ ਜਾਂਦੀਆਂ ਰਹੀਆਂ ਹਨ ਅਤੇ ਕੁਝ ਬਜਾਰੋਂ ਖਰੀਦ ਹੋਈਆਂ ਹਨ ਜਿਨ੍ਹਾਂ ਦਾ ਪੁਰਾਣੇ ਸਮੇਂ ਦੇ ਸਟਾਕ ਮੁਤਾਬਿਕ ਇੰਨ ਬਿੰਨ ਵੇਰਵਾ ਉਪਲੱਬਧ ਨਹੀਂ ਹੈ ਅਤੇ ਨਕਾਰਾ ਹੋਣ ਕਾਰਨ ਇਨ੍ਹਾਂ ਦੀ ਕੋਈ ਵਟਕ ਵੀ ਨਹੀਂ ਹੋ ਸਕਦੀ।

**ਪਾਸ ਹੋਇਆ** ਕਿ ਡੀਨ, ਵਿਦਿਆਰਥੀ ਭਲਾਈ ਦੇ ਸਟੋਰ ਵਿਚ ਸਭਿਆਚਾਰਕ ਆਈਟਮਾਂ ਨਾਲ ਸਬੰਧਤ ਪੁਰਾਣੀਆਂ dresses ਜੋ perishable ਹਨ ਅਤੇ ਲੇਅ ਖਾ ਚੁਕੀਆਂ ਹਨ, ਨੂੰ ਵੱਟੇ-ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 14.1.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦੇ ਲੇਟ ਦਾਖਲੇ ਦੀ ਪਰਵਾਨਗੀ।**

48. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦਾ 5000/- ਰੁਪਏ ਲੇਟ ਫੀਸ ਨਾਲ ਦਾਖਲਾ ਪਰਵਾਨ ਕੀਤਾ ਜਾਂਦਾ ਹੈ।

**ਦੁਬਾਰਾ ਪੈਨਸ਼ਨ ਖੋਲਣ ਦੀ ਅਪਰਵਾਨਗੀ।**

49. ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਖਲ CWP No. 15172 of 2008 Dr. Raghbir Singh Vs. GNDU & others ਸਬੰਧੀ ਮਾਨਯੋਗ ਹਾਈਕੋਰਟ ਦੇ ਅੰਤ੍ਰਿਮ ਆਦੇਸ਼ ਮਿਤੀ 9.12.2010 (**ਅੰਤਿਕਾ-I)** ਨੂੰ ਮੁੱਖ

ਰੱਖਦਿਆਂ ਪੈਨਸ਼ਨ ਆਪਟ ਕਰਨ ਸਬੰਧੀ ਸਿੰਡੀਕੇਟ ਦੀ ਇੱਕਤਰਤਾ ਮਿਤੀ 22.3.03 ਦੇ ਪੈਰਾ 30 **ਅੰਤਿਕਾ-II** ਰਾਹੀਂ ਲਏ ਨਿਰਣੇ 'ਤੇ ਮੁੜ ਵਿਚਾਰ ਹੋਈ।

ਹੇਠ ਲਿਖੇ ਨੋਟ ਤੇ ਵੀ ਵਿਚਾਰ ਹੋਈ:-

**ਨੋਟ**1:- ਯੂਨੀਵਰਸਿਟੀ ਵੱਲੋਂ ਪੈਨਸ਼ਨ ਸਕੀਮ ਮਿਤੀ 1.4.1990 ਤੋਂ ਲਾਗੂ ਕੀਤੀ ਗਈ ਸੀ, ਜਿਸ ਦੀ ਕੱਟ-ਆਫ ਡੇਟ ਸਿੰਡੀਕੇਟ ਵੱਲੋਂ ਸਮੇਂ ਸਮੇਂ ਸਿਰ ਵਧਾਈ ਜਾਂਦੀ ਰਹੀ ਹੈ। ਸਿੰਡੀਕੇਟ ਦੀ ਇੱਕਤਰਤਾ ਮਿਤੀ 22.3.2003 ਦੇ ਪੈਰਾ 30 ਰਾਹੀਂ ਯੂਨੀਵਰਸਿਟੀ ਵਿਖੇ ਕਰਮਚਾਰੀਆਂ ਨੂੰ ਪੈਨਸ਼ਨ ਵਾਸਤੇ ਆਪਣੀ ਆਪਸ਼ਨ ਦੇਣ ਲਈ ਮਿਤੀ 30.4.2003 ਤੱਕ ਇਕ ਅੰਤਿਮ ਮੌਕਾ ਦਿੱਤਾ ਗਿਆ ਸੀ।

**ਨੋਟ**2:- ਪੈਨਸ਼ਨ ਦੁਬਾਰਾ ਖੋਲਣ ਦੀ ਪਰਵਾਨਗੀ ਦੇਣ ਨਾਲ ਯੂਨੀਵਰਸਿਟੀ ਤੇ ਪੈਣ ਵਾਲੇ ਵਿਤੀ ਬੋਝ ਆਦਿ ਸਬੰਧੀ ਵੇਰਵੇ **ਅੰਤਿਕਾ-III** ਅਨੁਸਾਰ ਹੈ।

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਖਲ CWP No. 15172 of 2008 ਵਿਚ ਡਾ. ਰਘਬੀਰ ਸਿੰਘ ਨੇ ਪੈਨਸ਼ਨ ਸਕੀਮ ਵਾਸਤੇ ਆਪਸ਼ਨ ਮੰਨਣ ਵਾਸਤੇ ਬੇਨਤੀ ਕੀਤੀ ਹੈ। ਉਸ ਬਾਰੇ ਮਾਨਯੋਗ ਹਾਈਕੋਰਟ ਨੇ ਆਪਣੇ ਅੰਤ੍ਰਿਮ ਆਦੇਸ਼ ਮਿਤੀ 9.12.2010 (**ਅੰਤਿਕਾ-I**) ਦੁਆਰਾ ਇਸ ਯੂਨੀਵਰਸਿਟੀ ਨੂੰ ਜੋ ਆਦੇਸ਼ ਕੀਤੇ ਹਨ, ਉਹਨਾਂ ਨੂੰ ਪੂਰੀ ਤਰ੍ਹਾਂ ਪੜਿਆ ਗਿਆ ਹੈ ਅਤੇ ਉਨ੍ਹਾਂ ਤੇ ਸਿੰਡੀਕੇਟ ਵੱਲੋਂ ਪੂਰੀ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ। ਉਪਰੋਕਤ ਆਦੇਸ਼ਾਂ ਅਨੁਸਾਰ ਮਿਤੀ 9.12.2010 ਦੀ ਪਾਲਣਾ ਵਿਚ ਅਤੇ ਯੂਨੀਵਰਸਿਟੀ ਦੇ ਸਮੂਹ-ਕਰਮਚਾਰੀ(ਜੋ ਰਿਟਾਇਰ ਹੋ ਚੁੱਕੇ ਹਨ ਅਤੇ ਜੋ ਰਿਟਾਇਰ ਹੋਣਗੇ) ਵਾਸਤੇ ਪੈਨਸ਼ਨ ਆਪਟ ਕਰਨ ਦੀ ਮਿਤੀ 30.4.2003 ਤੱਕ ਦੇ ਆਖੀਰਲੇ ਮੌਕੇ ਦੀ ਕੱਟ-ਆਫ ਡੇਟ ਨੂੰ ਅੱਗੇ ਵਧਾਉਣ ਲਈ ਪਰਵਾਨਗੀ ਦੇਣ ਨਾਲ ਯੂਨੀਵਰਸਿਟੀ ਤੇ ਪੈਣ ਵਾਲੇ ਵਿੱਤੀ ਬੋਝ ਸਬੰਧੀ ਵੇਰਵੇ (**ਅੰਤਿਕਾ**-III) ਨੂੰ ਧਿਆਨ ਵਿਚ ਰੱਖਦੇ ਹੋਏ ਸਿੰਡੀਕੇਟ ਦੇ ਸਾਰੇ ਮੈਂਬਰਾਂ ਨੇ ਇੱਕ-ਜੁੱਟ ਹੋ ਕੇ ਖੁੱਲੇ ਦਿਲ ਨਾਲ ਸਿੰਡੀਕੇਟ ਦੇ ਮਿਤੀ 22.3.2003 ਦੇ ਪੈਰਾ 30 (**ਅੰਤਿਕਾ**-II) ਦੇ ਫੈਸਲੇ, ਜਿਸ ਵਿਚ ਪੈਨਸ਼ਨ ਆਪਟ ਕਰਨ ਦਾ ਉਕਤ ਆਖਰੀ ਮੌਕਾ 30.4.2003 ਤੱਕ ਯੂਨੀਵਰਸਿਟੀ ਦੇ ਸਾਰੇ ਕਰਮਚਾਰੀਆਂ ਨੂੰ ਦਿੱਤਾ ਗਿਆ ਸੀ, ਤੇ ਪੁਨਰ ਵਿਚਾਰ ਕੀਤਾ ਗਿਆ।

ਇਸ ਤੋਂ ਬਾਅਦ ਸਾਰੇ ਹਾਊਸ ਨੇ **ਸਰਵ-ਸਮੰਤੀ** ਨਾਲ ਯੂਨੀਵਰਸਿਟੀ ਦੇ ਨੋਟ ਮਿਤੀ 18.1.2011 (**ਅੰਤਿਕਾ**-III) ਤੇ ਪੂਰੀ ਸਹਿਮਤੀ ਪ੍ਰਗਟ ਕੀਤੀ ਅਤੇ ਉਪਰ ਲਿਖੇ ਹਾਲਾਤਾਂ ਵਿਚ ਸਾਰੇ ਹਾਊਸ ਨੇ **ਸਰਵ-ਸੰਮਤੀ** ਨਾਲ ਇੱਕ-ਜੁੱਟ ਹੋ ਕੇ ਇਹ ਵਿਚਾਰ ਪ੍ਰਗਟ ਕੀਤਾ ਕਿ ਯੂਨੀਵਰਸਿਟੀ ਤੇ ਪੈਣ ਵਾਲੇ ਉਪਰ ਲਿਖਤ ਅਸਹਿਣਯੋਗ ਵਿਤੀ ਬੋਝ ਅਤੇ ਯੂਨੀਵਰਸਿਟੀ ਦੀ ਮੌਜੂਦਾ ਖਸਤਾ ਮਾਲੀ ਸਥਿਤੀ/ਆਮਦਨ ਨੂੰ ਧਿਆਨ ਵਿਚ ਰੱਖਦੇ ਹੋਏ, ਯੂਨੀਵਰਸਿਟੀ ਦੇ ਸਾਰੇ ਰਿਟਾਇਰਡ/ਰਿਟਾਇਰਿੰਗ ਕਰਮਚਾਰੀਆਂ ਨੂੰ ਪੈਨਸ਼ਨ ਆਪਸ਼ਨ ਦੇਣ ਦੀ ਕੱਟ-ਆਫ ਡੇਟ ਨੂੰ 30.4.2003 ਤੋਂ ਅੱਗੇ ਵਧਾਉਣਾ ਸੰਭਵ ਨਹੀਂ ਹੈ।

ਇਹਨਾਂ ਵਿੱਤੀ ਕਾਰਣਾਂ ਕਰਕੇ ਸਮੂਹ ਮੈਂਬਰ ਸਾਹਿਬਾਨ ਦਾ ਵਿਚਾਰ ਸੀ ਕਿ ਡਾ. ਰਘਬੀਰ ਸਿੰਘ ਦੀ ਪੈਨਸ਼ਨ ਸਬੰਧੀ ਬੇਨਤੀ ਨੂੰ ਮੰਨਣਾ ਸੰਭਵ ਨਹੀਂ ਹੈ।

ਕੇਸ ਤੇ ਸਾਰੇ ਪੱਖਾਂ ਤੋਂ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 22.3.2003 ਦੇ ਪੈਰਾ 30 ਰਾਹੀਂ ਯੂਨੀਵਰਸਿਟੀ ਵਿਖੇ ਕਰਮਚਾਰੀਆਂ ਨੂੰ ਪੈਨਸ਼ਨ ਵਾਸਤੇ ਆਪਣੀ ਆਪਸ਼ਨ ਦੇਣ ਲਈ ਮਿਤੀ 30.4.2003 ਤੱਕ ਇਕ ਅੰਤਿਮ ਮੌਕਾ ਦੇਣ ਸਬੰਧੀ ਨਿਰਣਾ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਦੁਬਾਰਾ ਪੈਨਸ਼ਨ ਖੋਲਣ ਦੀ ਆਗਿਆ ਨਹੀਂ ਹੋਵੇਗੀ।

ਮੁਲਤਵੀ ਕੀਤੀ ਗਈ ਮੱਦ। 50. ਹੇਠ ਲਿਖੀ ਮੱਦ ਮੁਲਤਵੀ ਕੀਤੀ ਗਈ:-

"ਡਾ. ਸੁਦੀਪ ਸਿੰਘ, ਲੈਕਚਰਾਰ, ਵਿਦੇਸ਼ੀ ਭਾਸ਼ਾਵਾਂ ਵਿਭਾਗ ਜਿਸ ਨੂੰ ਮਿਤੀ 2.8.1993 ਤੋਂ 1.8.1995 ਤੱਕ Ph.D. ਕਰਨ ਹਿਤ ਸਟੱਡੀ ਲੀਵ ਪੂਰੀ ਤਨਖਾਹ ਤੇ ਪਰਦਾਨ ਕੀਤੀ ਗਈ ਸੀ, ਸਬੰਧੀ Indemnity Bond ਅਨੁਸਾਰ ਨਿਰਧਾਰਤ ਸਮੇਂ ਵਿਚ Ph.D. ਕਰਨ ਦੀ ਸ਼ਰਤ ਪੂਰੀ ਨਾ ਕਰਨ ਕਰਕੇ ਆਡਿਟ ਦੀ Observation (**ਅੰਤਿਕਾ-I**) ਅਤੇ requistion (**ਅੰਤਿਕਾ-II**) ਅਨੁਸਾਰ ਉਸ ਕੋਲੋਂ ਉਕਤ ਸਮੇਂ ਦੀ ਤਨਖਾਹ ਦੀ ਵਸੂਲੀ ਕਰਨ ਲਈ ਸਿੰਡੀਕੇਟ ਦੀ ਇਕੱਤਰਤਾ ਮਿਤੀ 11.12.2001 ਦੇ ਪੈਰਾ 26 ਰਾਹੀਂ ਲਏ ਨਿਰਣੇ **ਅੰਤਿਕਾ-III** ਉੱਤੇ ਮੁੜ ਵਿਚਾਰ ਕਰਨੀ।"

ਵੱਖ-ਵੱਖ ਚੋਣ ਕਮੇਟੀ ਦੀਆਂ ਸਿਫਾਰਸ਼ਾਂ। 51. (ੳ) ਯੂ.ਜੀ.ਸੀ./ਏ.ਆਈ.ਸੀ.ਟੀ.ਈ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਅਧਿਆਪਕਾਂ ਦੀ ਤਰੱਕੀ ਸਬੰਧੀ ਹੇਠ ਲਿਖੇ ਕੇਸਾਂ ਵਿਚ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ (**ਅੰਤਿਕਾਵਾਂ** ਅਨੁਸਾਰ) ਉੱਤੇ ਵਿਚਾਰ ਹੋਈ:-

| | |
|---|---|
| 1. Professor, Library & Information Science (UGC) | Dr. Amritpal Kaur, Reader |
| 2. Professor, Economics (UGC) | Dr. (Mrs.) Neena Malhotra, Reader |
| 3. Professor, Laws (UGC) | Dr. Sujan Singh, Reader Regional Campus, Gurdaspur |
| 4. Reader, Architecture (AICTE) | Ms. Meenakshi, Sr. Lecturer |
| 5. Reader, Punjabi (UGC) | Dr. Gurjant Singh, Sr. Lecturer ASSM College, Mukandpur |
| 6. Reader, Persian (UGC) | Dr. Aziz Abbas, Sr. Lecturer |

**ਪਾਸ ਹੋਇਆ** ਕਿ ਯੂ.ਜੀ.ਸੀ./ਏ.ਆਈ.ਸੀ.ਟੀ.ਈ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠ ਲਿਖੀਆਂ ਅਸਾਮੀਆਂ ਤੇ, ਹਰੇਕ ਅੱਗੇ ਦਰਸਾਏ ਅਨੁਸਾਰ, ਅਧਿਆਪਕਾਂ ਨੂੰ ਯੋਗ ਹੋਣ ਦੀ ਮਿਤੀ ਤੋਂ ਪ੍ਰੋਮੋਟ ਕੀਤਾ ਜਾਂਦਾ ਹੈ:-

| | |
|---|---|
| 1. Professor, Library & Information Science (UGC) | Dr. Amritpal Kaur |
| 2. Reader, Punjabi (UGC) | Dr. Gurjant Singh, ASSM College, Mukandpur |
| 3. Reader, Persian (UGC) | Dr. Aziz Abbas |

ਇਹ **ਨੋਟ ਕੀਤਾ** ਕਿ ਕ੍ਰਮ ਨੰ: 2, 3 ਅਤੇ 4 ਉੱਤੇ ਡਾ.(ਮਿਸਿਜ਼) ਨੀਨਾ ਮਲਹੋਤਰਾ, ਡਾ. ਸੁਜਾਨ ਸਿੰਘ ਅਤੇ ਮਿਸ. ਮਿਨਾਕਸ਼ੀ ਸਬੰਧੀ ਚੋਣ ਕਮੇਟੀ ਨੇ ਪ੍ਰੋਮੋਟ ਕਰਨ ਦੀ ਸਿਫਾਰਸ਼ ਨਹੀਂ ਕੀਤੀ।

(ਅ) ਸਲੈਕਸ਼ਨ ਗ੍ਰੇਡ ਵਾਲੇ ਕੇਸਾਂ ਤੇ ਵਿਚਾਰ ਹੋਈ:-

(i) **Teaching Posts:-**

1. Ms. Tejinder Gulati, Lecturer, Music
2. S. Harmeet Singh, Lecturer, Political Science

(ii) **Non-Teaching Posts:-**

1. S. Harjinder Singh Randhawa, Asstt. Librarian (Retd.), RC, Jalandhar
2. Mrs. Amarjit Kaur Gill, Asstt. Librarian, Bhai Gurdas Library

**ਪਾਸ ਹੋਇਆ** ਕਿ ਚੋਣ ਕਮੇਟੀ ਦੀ ਮਿਸ. ਤੇਜਿੰਦਰ ਗੁਲਾਟੀ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਮਿਤੀ ਤੋਂ ਸਲੈਕਸ਼ਨ ਗ੍ਰੇਡ ਦੇਣ ਦੀ ਸਿਫਾਰਸ਼ ਪਰਵਾਨ ਕੀਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਹੇਠ ਲਿਖੇ ਵਿਅਕਤੀ ਨੂੰ ਯੋਗ ਹੋਣ ਦੀ ਮਿਤੀ ਤੋਂ ਸਲੈਕਸ਼ਨ ਗ੍ਰੇਡ ਦਿੱਤਾ ਜਾਂਦਾ ਹੈ:-

1. S. Harjinder Singh Randhawa, Asstt. Librarian (Retd.), RC, Jalandhar

ਇਹ **ਨੋਟ ਕੀਤਾ** ਕਿ ਚੋਣ ਕਮੇਟੀ ਨੇ ਸ. ਹਰਮੀਤ ਸਿੰਘ ਅਤੇ ਮਿਸਿਜ਼ ਅਮਰਜੀਤ ਕੌਰ ਗਿੱਲ ਨੂੰ ਸਲੈਕਸ਼ਨ ਗ੍ਰੇਡ ਦੇਣ ਦੀ ਸਿਫਾਰਸ਼ ਨਹੀਂ ਕੀਤੀ।

(ੲ) ਲੈਕਚਰਾਰਜ਼ ਦੇ ਸੀਨੀਅਰ ਸਕੇਲ ਵਾਲੇ ਹੇਠ ਲਿਖੇ ਕੇਸਾਂ ਤੇ ਵਿਚਾਰ ਹੋਈ:-

1. Dr. Bimaldeep Singh, Lecturer, Deptt. of Laws.
2. Dr. Harmeet Singh, Lecturer, School of Legal Studies, RC, Jalandhar.
3. Mrs. Parminder Kaur, Lecturer, Deptt. of Laws, RC, Gurdaspur.
4. Ms. Ramandeep Kaur, Lecturer, Biotechnology.
5. Sh. Sukhminder Dass, Lecturer, Computer Science & Engineering
6. Ms. Maninder Kaur, Lecturer, Food Science & Technology.

**ਪਾਸ ਹੋਇਆ** ਕਿ ਹੇਠ ਲਿਖੇ ਵਿਅਕਤੀਆਂ ਨੂੰ ਯੋਗ ਹੋਣ ਦੀ ਮਿਤੀ ਤੋਂ ਲੈਕਚਰਾਰਜ਼ ਦਾ ਸੀਨੀਅਰ ਸਕੇਲ ਦਿੱਤਾ ਜਾਂਦਾ ਹੈ:-

1. Dr. Bimaldeep Singh, Lecturer, Deptt. of Laws.
2. Dr. Harmeet Singh Sandhu, Lecturer, School of Legal Studies, RC, Jalandhar.
3. Mrs. Parminder Kaur, Lecturer, Deptt. of Laws, RC, Gurdaspur.
4. Dr.(Ms.) Ramandeep, Lecturer, Deptt. of Biotechnology.
5. Sh. Sukhminder Dass, Lecturer, Computer Science, ASSM College, Mukandpur.
6. Dr. (Ms.) Maninder Kaur, Lecturer, Deptt. of Food Science & Technology.

**ਸਮੈਸਟਰ ਪ੍ਰਣਾਲੀ ਅਧੀਨ ਪੜ੍ਹ ਰਹੇ ਵਿਦਿਆਰਥੀਆਂ ਤੋਂ ਫੀਸਾਂ ਲੈਣ ਲਈ ਅਧਿਆਦੇਸ਼ ਵਿਚ ਸੋਧ ਦੀ ਪਰਵਾਨਗੀ।**

52. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ, ਰਿਜਨਲ ਕੈਂਪਸਸ ਅਤੇ ਕੰਸਟੀਚਿਊਐਟ ਕਾਲਜਾਂ ਵਿਖੇ ਸਮੈਸਟਰ ਪ੍ਰਣਾਲੀ ਅਧੀਨ ਪੜ ਰਹੇ ਵਿਦਿਆਰਥੀਆਂ ਤੋਂ ਫੀਸਾਂ ਲੈਣ ਸਬੰਧੀ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 27 ਉੱਤੇ ਦਰਜ ਅਧਿਆਦੇਸ਼ ਵਿਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ:-

| **Existing Ordinance** | **Proposed Ordinance** |
|---|---|
| 1.1 Application for admission to an examination shall be made on the prescribed form with the prescribed fee and must reach | |

| | |
|---|---|
| the University by the date fixed by the University for the examination concerned. The Vice-Chancellor may, however, change the date in a particular year, for special reasons to be recorded. | - NO CHANGE - |
| In case of private candidates, three working days of grace will be allowed and the admission forms and fees may be accepted if received within three working days after the dates prescribed for depositing the forms and fee without late fee, with late fee of Rs.100/- or with late fee of Rs.200/-, 500/-, or 1000/- as the case may be for particular examination. | |
| | 1.1(a) In the case of semester system students of Guru Nanak Dev University Campus, Regional Campuses and constituent colleges shall deposit the examination form and examination fee at the time of admission in the first semester. Thereafter no examination form shall be deposited by the students for the subsequent semesters. However, the prescribed examination fee shall be deposited by the students at the time of admission in the subsequent semesters. In the case of re-appear/improvement, the students shall deposit the examination form and prescribed fee separately. |

**ਡਾ. ਬਲਵਿੰਦਰ ਸਿੰਘ, ਰੀਡਰ, ਕਮਰਸ ਤੇ ਬਿਜ਼ਨੈਸ ਮੈਨੇਜ਼ਮੈਂਟ ਵਿਭਾਗ ਨੂੰ ਮੁਖੀ ਵਿਭਾਗ ਵਜੋਂ ਨਿਯੁਕਤ ਕਰਨ, ਚਾਰਜ ਸ਼ੀਟ ਜਾਰੀ ਕਰਨ ਅਤੇ Full-dress Enquiry ਕਰਾਉਣ ਦੀ ਪਰਵਾਨਗੀ।**

53. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਬਲਵਿੰਦਰ ਸਿੰਘ, ਰੀਡਰ ਕਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਦਾਇਰ ਰਿਟ ਪਟੀਸ਼ਨ ਨੰ: 995 of 2010 ਦੇ ਨਿਰਣੇ ਨੂੰ ਮੁੱਖ ਰੱਖਦਿਆਂ ਹੇਠ ਲਿਖੇ ਅਨੁਸਾਰ ਆਦੇਸ਼ ਕੀਤੇ ਹਨ:-

1. A sum of Rs. 10000/- has been sanctioned as the cost of the case which is to be paid to Dr. Balwinder Singh.
2. Two increments of Dr. Balwinder Singh stopped with cumulative effect vide Syndicate decision dated 3.12.2009 are restored retrorespectively. The ban

imposed upon him regarding his appointment as Head of the Department has also been withdrawn.

3. The ban imposed upon him not to guide any new student for Ph.D. degree for one year has also been withdrawn.

(ਅ) ਉਕਤ ਕੇਸ ਵਿਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਹੇਠ ਲਿਖੇ ਅਨੁਸਾਰ ਨਿਰਣਾ ਲਿਆ ਗਿਆ ਹੈ:

"........... However, the respondent University shall be at liberty to treat the inquiry report as a 'preliminary inquiry report' and proceed against the petitioner, in accordance with law."

ਉਪਰੋਕਤ ਫੈਸਲੇ ਦੀ ਰੋਸ਼ਨੀ ਵਿਚ Enquiry Report ਨੂੰ Preliminary Enquiry ਮੰਨਦੇ ਹੋਏ, ਇਸ ਕੇਸ ਦੀ ਨਵੇਂ ਸਿਰੇ ਤੋਂ Full-dress Enquiry ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

(ੲ) ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਬਲਵਿੰਦਰ ਸਿੰਘ, ਰੀਡਰ, ਕਮਰਸ ਤੇ ਬਿਜ਼ਨੈਸ ਮੈਨੇਜ਼ਮੈਂਟ ਵਿਭਾਗ ਨੂੰ ਬਤੌਰ ਮੁਖੀ ਜੁਆਇੰਨ ਕਰਨ ਦੀ ਮਿਤੀ ਤੋਂ 31.12.2010 ਤੱਕ ਅਤੇ ਮਿਤੀ 1.1.2011 ਤੋਂ 31.12.2013 ਤੱਕ ਤਿੰਨ ਸਾਲਾਂ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ। ਡਾ. ਬਲਵਿੰਦਰ ਸਿੰਘ ਦੇ ਮੁਖੀ ਵਜੋਂ ਜੁਆਇੰਨ ਕਰਨ ਦੀ ਮਿਤੀ ਤੋਂ ਮੌਜੂਦਾ ਮੁਖੀ ਡਾ. ਲਖਵਿੰਦਰ ਸਿੰਘ ਨੂੰ ਮੁਖੀ ਦੀਆਂ ਜਿੰਮੇਵਾਰੀਆਂ ਤੋਂ ਫਾਰਗ ਸਮਝਿਆ ਜਾਵੇਗਾ।

**ਸ੍ਰੀ ਹਰਜੀਤ ਲਾਲ (ਸੇਵਾ-ਮੁਕਤ), ਫਿਜੀਓਥਰਾਪਿਸਟ, ਸਪੋਰਟਸ ਮੈਡੀਸਨ ਅਤੇ ਫਿਜੀਓਥਰਾਪੀ ਵਿਭਾਗ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।**

54. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਹਰਜੀਤ ਲਾਲ (ਸੇਵਾ-ਮੁਕਤ), ਫਿਜੀਓਥਰਾਪਿਸਟ, ਸਪੋਰਟਸ ਮੈਡੀਸਨ ਅਤੇ ਫਿਜੀਓਥਰਾਪੀ ਵਿਭਾਗ ਨੂੰ ਮਿਤੀ 3.2.2011 ਤੋਂ 30.4.2011 ਤੱਕ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਹਾਜ਼ਰ ਹੋਣ ਦੀ ਮਿਤੀ ਤੋਂ 8300/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ 'ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਉਕਤ ਵਿਭਾਗ ਵਿਖੇ ਫਿਜੀਓਥਰਾਪਿਸਟ ਵਜੋਂ ਮੁੜ ਨਿਯੁਕਤ ਕੀਤਾ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

55. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | **ਵਿਸ਼ਾ ਤੇ ਫੈਕਲਟੀ** |
|---|---|---|---|
| 1. | ਅਮਨਦੀਪ ਸਿੰਘ | Theoretical Investigations of Solitions in Space Plasma | ਫਿਜ਼ਿਕਸ-ਸਾਇੰਸਜ਼ ਫੈਕਲਟੀ |
| 2. | ਪਰਮਿੰਦਰ ਕੌਰ | A Model for Versioning Control Mechanism in Component- Based Systems | ਕੰਪਿਊਟਰ ਸਾਇੰਸ-ਇੰਜੀਨੀਅਰਿੰਗ ਤੇ ਟੈਕਨਾਲੌਜੀ ਫੈਕਲਟੀ |
| 3. | ਨਵਦੀਪ ਸਿੰਘ | ਗੁਰੂ ਅਰਜਨ ਦੇਵ ਜੀ ਦੀ ਬਾਣੀ: ਕਿਰਿਆ-ਰੂਪਾਂ ਦੀ ਬਣਤਰ | ਪੰਜਾਬੀ-ਲੈਂਗੁਏਜ਼ਿਜ ਫੈਕਲਟੀ |

| | | | |
|---|---|---|---|
| 4. | ਦੀਪਤੀ ਸਰੀਨ | A Study of Psycho-Social Characteristics of Drug-Addicts | ਸਾਈਕਾਲੋਜੀ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ |
| 5. | ਪ੍ਰਿਅੰਕਾ ਅਗੱਰਵਾਲ | An Empirical Study of Corporate Growth in India. | ਕਮਰਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ |
| 6. | ਸੋਨੀਆ ਸ਼ਰਮਾ | Astangayoga in Upanishads | ਸੰਸਕ੍ਰਿਤ- ਲੈਂਗੁਏਜ਼ਿਜ ਫੈਕਲਟੀ |
| 7. | ਜਸਮਿੰਦਰ ਪਾਲ ਸਿੰਘ | Barriers to Entry in Indian Manufacturing | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ |
| 8. | ਰਾਜਵਿੰਦਰ ਸਿੰਘ | Bioefficacy and Synergistic Effects of Monoterpenoid Essential Oil Compounds on Asia armyworm, Spodoptera litura (Fab.) and Maize borer, Chilo partellus (Swinhoe) | ਜ਼ੂਆਲੌਜੀ- ਲਾਈਫ ਸਾਇੰਸਜ਼ ਫੈਕਲਟੀ |
| 9. | ਰਾਜਬੀਰ ਕੌਰ | Studies on Antimutagenic and Antioxidative Activities of Chukrasia tabularis A. Juss. | ਬੌਟਨੀ- ਲਾਈਫ ਸਾਇੰਸਜ਼ ਫੈਕਲਟੀ |
| 10. | ਰਚਨਾ | Effect of Plant Growth Regulators and Nutrients on Fruit Drop and Quality in Ber (Zizyphus mauritiana Lamk.) ev. Umran | ਹੋਰਟੀਕਲਚਰ- ਐਗਰੀਕਲਚਰ ਤੇ ਫੌਰੈਸਟਰੀ ਫੈਕਲਟੀ |

**ਮੁੜ-ਨਿਯੁਕਤ ਹੋਏ ਅਧਿਆਪਕਾਂ ਦੀ ਫਿਕਸ ਕੀਤੀ ਗਈ ਤਨਖਾਹ ਵਿਚ ਨਵੇਂ ਸਕੇਲਾਂ ਅਨੁਸਾਰ ਸੋਧ ਸਬੰਧੀ।**

56. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿਤ ਵਿਭਾਗ, ਪੰਜਾਬ ਸਰਕਾਰ ਵੱਲੋਂ ਪ੍ਰਾਪਤ ਪੱਤਰ ਨੰਬਰ 6/108/2010-1FP2/354 ਮਿਤੀ 31.8.2010 ਰਾਹੀਂ ਮਿਤੀ 1.1.2006 ਤੋਂ ਬਾਅਦ ਸੇਵਾ-ਮੁਕਤ ਹੋਏ ਅਧਿਆਪਕਾਂ ਦੀ ਮੁੜ-ਨਿਯੁਕਤੀ ਹੋਣ ਉਪਰੰਤ ਅਣਸੋਧੇ ਸਕੇਲਾਂ ਵਿੱਚ ਤਨਖਾਹ ਫਿਕਸ ਕੀਤੀ ਗਈ ਸੀ, ਨੂੰ ਪੰਜਾਬ ਸਰਕਾਰ ਦੇ ਉਕਤ ਪੱਤਰ ਅਨੁਸਾਰ ਇਨ੍ਹਾਂ ਮੁੜ-ਨਿਯੁਕਤ ਹੋਏ ਅਧਿਆਪਕਾਂ ਦੀ ਫਿਕਸ ਕੀਤੀ ਗਈ ਤਨਖਾਹ ਵਿੱਚ ਨਵੇਂ ਸਕੇਲਾਂ ਵਿਚ **ਅੰਤਿਕਾ** ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਇਲੈਕਟ੍ਰਾਨਿਕਸ ਟੈਕਨਾਲੌਜੀ ਦੇ ਸਿਲੇਬਸ ਵਿਚ ਤਬਦੀਲੀ ਅਤੇ ਇੰਜੀਨੀਅਰਿੰਗ ਤੇ ਟੈਕਨਾਲੌਜੀ ਫੈਕਲਟੀ ਅਧੀਨ Project/ Dissertation ਦੇ ਪੈਨਲ ਵਿਚ ਤਬਦੀਲੀ ਦੀ ਪਰਵਾਨਗੀ।**

57. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਲੈਕਟ੍ਰੋਨਿਕਸ ਟੈਕਨਾਲੌਜੀ ਦੇ ਸਿਲੇਬਸ ਵਿਚ ਤਬਦੀਲੀ ਅਤੇ ਇੰਜੀਨੀਅਰਿੰਗ ਤੇ ਟੈਕਨਾਲੌਜੀ ਫੈਕਲਟੀ ਅਧੀਨ Project/Dissertation ਵਾਸਤੇ Examiners ਦੇ ਪੈਨਲ ਵਿਚ ਤਬਦੀਲੀ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 24.1.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

(ਅ.ਸ. ਬਰਾੜ)
ਵਾਈਸ-ਚਾਂਸਲਰ